ਭੂਗੋਲ

ਪਾਠ 10 ਜਨਸੰਖਿਆ

ਪ੍ਰਸ਼ਨ 1. ਰਾਜ ਵਿੱਚ ਬਹੁਤ ਜਿਆਦਾ ਅਸਮਾਨ ਜਨਸੰਖਿਆ ਵੰਡ ਨਾਲ ਦੇਸ਼ ਵਿੱਚ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ?

ਉੱਤਰ -

- ਦੂਰ ਦੂਰ ਫੈਲੇ ਪਿੰਡਾਂ ਨੂੰ ਸੜਕਾਂ ਨਾਲ ਆਪਸ ਵਿੱਚ ਜੋੜਨਾ ਅਤੇ ਸ਼ਹਿਰਾਂ ਨਾਲ ਸਬੰਧ ਬਨਾਉਣਾ ਔਖਾ ਹੋ ਜਾਂਦਾ ਹੈ।
- ਸਿੱਖਿਆ ,ਪਾਣੀ ,ਸਿਹਤ ਅਤੇ ਸੁਰੱਖਿਆ ਵਰਗੀਆਂ ਮੌਲਿਕ ਸਹੂਲਤਾਂ ਦੇਣਾ ਮਹਿੰਗਾ ਅਤੇ ਮੁਸ਼ਕਿਲ ਹੋ ਜਾਂਦਾ ਹੈ ।
- ਵੱਡੇ ਸ਼ਹਿਰਾਂ ਵਿੱਚ ਜਨਸੰਖਿਆ ਵੱਧ ਹੋਣ ਕਾਰਣ ਮਕਾਨ, ਪਾਣੀ, ਆਦਿ ਦੀ ਘਾਟ ਵਰਗੀਆਂ ਸਮਸਿਆਵਾਂ ਪੈਦਾ ਹੋ ਜਾਂਦੀਆਂ ਹਨ।

ਪ੍ਰਸ਼ਨ 3. ਭਾਰਤ ਵਿੱਚ ਜਨਸੰਖਿਆ ਦੀ ਵੰਡ ਤੇ ਕਿਹੜੇ ਕਿਹੜੇ ਤੱਤਾਂ ਦਾ ਜਿਆਦਾ ਪ੍ਰਭਾਵ ਹੈ ?

ਉੱਤਰ -

- ਭਾਰਤ ਦੇ ਜਿਹਨਾਂ ਰਾਜਾਂ ਵਿੱਚ ਉਪਜਾਊ ਭੂਮੀ ਹੈ ,ਉਥੇ ਵਸੋਂ ਘਣਤਾ ਜਿਆਦਾ ਹੈ , ਜਿਵੇਂ ਉੱਤਰ ਪ੍ਰਦੇਸ਼ ਅਤੇ ਬਿਹਾਰ।
- ਚੰਗੀ ਖੇਤੀ ਲਈ ਚੰਗੀ ਵਰਖਾ ਦੀ ਲੋੜ ਹੁੰਦੀ ਹੈ। ਇਸ ਲਈ ਜਿਸ ਖੇਤਰ ਵਿੱਚ ਚੰਗੀ ਵਰਖਾ ਹੁੰਦੀ ਹੋਵੇ ਉੱਥੇ ਜਨਸੰਖਿਆ ਵੱਧ ਹੁੰਦੀ ਹੈ।
- ਜਿੱਥੇ ਜਲਵਾਯੂ ਸਿਹਤ ਲਈ ਠੀਕ ਹੋਵੇ ਉਥੇ ਜਨਸੰਖਿਆ ਘਣਤਾ ਵੱਧ ਹੁੰਦੀ ਹੈ। ਪਰ ਜਿੱਥੇ ਜਲਵਾਯੂ ਸਿਹਤ ਲਈ ਠੀਕ ਨਾ ਹੋਵੇ ਉੱਥੇ ਜਨਸੰਖਿਆ ਘਣਤਾ ਘੱਟ ਹੁੰਦੀ ਹੈ। ਜਿਵੇਂ ਅਸਾਮ ਵਿੱਚ ਜਿਆਦਾ ਵਰਖਾ ਹੋਣ ਕਾਰਣ।
- ਆਵਾਜਾਈ ਦੇ ਸਾਧਨਾਂ ਦੇ ਵੱਧ ਵਿਕਾਸ ਦੇ ਕਾਰਣ ਜਨਸੰਖਿਆ ਘਣਤਾ ਵੱਧ ਜਾਂਦੀ ਹੈ।
- ਉਦਯੋਗਿਕ ਵਿਕਾਸ ਵਾਲੇ ਖੇਤਰਾਂ ਵਿੱਚ ਲੋਕ ਰੋਜ਼ੀ-ਰੋਟੀ ਕਮਾਉਣ ਚਲੇ ਜਾਂਦੇ ਹਨ।

ਪ੍ਰਸ਼ਨ 5. ਜਨਸੰਖਿਆ ਦੇ ਆਰਥਿਕ ਢਾਂਚੇ ਦੇ ਅਧਿਐਨ ਦਾ ਕੀ ਮਹੱਤਵ ਹੈ ?

ਉੱਤਰ -

- ਇਸਦੇ ਅਧਿਐਨ ਨਾਲ ਹੀ ਦੇਸ਼ ਵਿੱਚ ਕੰਮ ਕਰਨ ਵਾਲੇ ਅਤੇ ਨਾ ਕੰਮ ਕਰਨ ਵਾਲੀ ਜਨਸੰਖਿਆ ਦਾ ਪਤਾ ਚਲਦਾ ਹੈ।
- ਇਸਦੇ ਆਧਾਰ ਤੇ ਹੀ ਦੇਸ਼ ਦੇ ਭਵਿੱਖ ਦਾ ਆਰਥਿਕ ਅਤੇ ਸਮਾਜਿਕ ਵਿਕਾਸ ਪੱਧਰ ਅਧਾਰਿਤ ਹੁੰਦਾ ਹੈ।
- ਪਤਾ ਲਗਦਾ ਹੈ ਕਿ ਦੇਸ਼ ਦਾ ਕਿਹੜਾ ਖੇਤਰ ਆਰਥਿਕ ਤੌਰ ਤੇ ਪਛੜਿਆ ਹੋਇਆ ਹੈ।
- ਉਸ ਖੇਤਰ ਲਈ ਉਚਿਤ ਯੋਜਨਾ ਬਣਾਈ ਜਾ ਸਕਦੀ ਹੈ।

ਪ੍ਰਸ਼ਨ 6. ਮੁੱਖ ਮਜਦੂਰਾਂ ਨੂੰ ਕਿੰਨੀਆਂ ਉਦਯੋਗਿਕ ਸ਼੍ਰੇਣਿਆਂ ਵਿੱਚ ਵੰਡਿਆ ਜਾ ਸਕਦਾ ਹੈ ? ਉਹਨਾਂ ਦੇ ਨਾਂ ਦੱਸੋ।

ਉੱਤਰ -

<u>ਮੁੱਖ ਕਾਮੇ</u> :

- ਕਾਸ਼ਤਕਾਰ
- ਖੇਤੀ ਮਜਦੂਰ
- ਪਸ਼ੂ ਪਾਲਣ, ਮੱਛੀ ਪਕੜਨਾ, ਅਤੇ ਬਾਗਬਾਨੀ ਵਿੱਚ ਲੱਗੇ ਕਾਮੇ
- ਖਾਣਾਂ ਵਿੱਚ ਕੰਮ ਕਰਦੇ ਲੋਕ - ਘਰੇਲੂ ਉਦਯੋਗ
- ਉਤਪਾਦਨ ਅਤੇ ਮੁਰੰਮਤ ਆਦਿ ਦਾ ਕੰਮ ਕਰਦੇ ਲੋਕ
- ਨਿਰਮਾਣ ਉਦਯੋਗ ਦੇ ਕਾਮੇ - ਦੂਸਰੇ ਉਦਯੋਗ
- ਵਪਾਰ ਅਤੇ ਵਣਜ
  (ਘਰੇਲੂ ਉਦਯੋਗਾਂ ਤੋਂ ਬਿਨਾ)

English and Social Studies

- ਆਵਾਜਾਈ ਅਤੇ ਸੰਚਾਰ
- ਹੋਰ ਸੇਵਾਵਾਂ

ਪ੍ਰਸ਼ਨ 7. ਭਾਰਤ ਵਿੱਚ ਇਸਤਰੀ ਮਜਦੂਰਾਂ ਦੀ ਮਾਤਰਾ ਮਰਦ ਮਜਦੂਰਾਂ ਤੋਂ ਘੱਟ ਕਿਉਂ ਹੈ ?

ਉੱਤਰ -

- ਪੁਰਾਣੇ ਸਮੇਂ ਤੋਂ ਹੀ ਭਾਰਤ ਵਿੱਚ ਜਿਆਦਾਤਰ ਇਸਤਰੀਆਂ ਘਰੇਲੂ ਕੰਮਾਂ ਵਿੱਚ ਲੱਗੀਆਂ ਹੋਇਆ ਹਨ। ਜਿਹਨਾਂ ਨੂੰ ਮਜ਼ਦੂਰੀ ਦੀ ਸ਼੍ਰੇਣੀ ਵਿੱਚ ਨਹੀਂ ਗਿਣਿਆ ਜਾਂਦਾ।
- ਸਮਾਜਿਕ ਬੰਧਨਾਂ ਕਾਰਣ ਇਸਤਰੀਆਂ ਨੂੰ ਘਰ ਤੋਂ ਬਾਹਰ ਕੰਮ ਨਹੀਂ ਕਰਨ ਦਿੱਤਾ ਜਾਂਦਾ।
- ਪੁਰਖ ਪ੍ਰਧਾਨ ਸਮਾਜ ਨੇ ਵੀ ਇਸਤਰੀਆਂ ਨੂੰ ਹਮੇਸ਼ਾਂ ਘਰ ਤੋਂ ਬਾਹਰ ਕੰਮ ਕਰਨ ਤੋਂ ਰੋਕਿਆ ਹੈ।

ਪ੍ਰਸ਼ਨ 9. ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਉਂ ਕਿਹਾ ਜਾਂਦਾ ਹੈ ?

ਉੱਤਰ -

- ਅੱਜ ਵੀ ਭਾਰਤ ਦੀ ਜ਼ਿਆਦਾਤਰ ਜਨਸੰਖਿਆ ਪਿੰਡਾਂ ਵਿੱਚ ਰਹਿੰਦੀ ਹੈ।
- ਦੇਸ਼ ਦੀ ਜਨਸੰਖਿਆ ਦਾ ਲਗਭਗ 3/4 ਭਾਗ ਪੇਂਡੂ ਖੇਤਰਾਂ ਵਿੱਚ ਵਸਦਾ ਹੈ।
- ਇਹ ਜਨਸੰਖਿਆ ਲਗਭਗ 5 ਲੱਖ 50 ਹਜ਼ਾਰ ਹੈ।
- ਦੇਸ਼ ਵਿੱਚ ਕੁੱਲ ਮਜਦੂਰਾਂ ਦਾ 40.1 ਪ੍ਰਤੀਸ਼ਤ ਪੇਂਡੂ ਖੇਤਰਾਂ ਵਿੱਚ ਰਹਿੰਦਾ ਹੈ।

ਪ੍ਰਸ਼ਨ 10. ਦੇਸ਼ ਵਿੱਚ ਬੋਲੀਆਂ ਜਾਣ ਵਾਲੀਆਂ ਮੁੱਖ ਭਾਸ਼ਾਵਾਂ ਦੇ ਨਾਂ ਦੱਸੋ।

ਉੱਤਰ -

- ਭਾਰਤ ਵਿੱਚ ਅਨੇਕਾਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।ਇਹਨਾਂ ਵਿੱਚੋਂ ਕੁਝ ਦਾ ਜਨਮ ਸੰਸਕ੍ਰਿਤ ਅਤੇ ਕੁਝ ਦਾ ਜਨਮ ਦ੍ਰਵਿੜ ਤੋਂ ਹੋਇਆ ਹੈ।
- ਅਸਾਮੀ , ਉੜੀਆ ,ਉਰਦੂ ,ਕੰਨੜ , ਕਸ਼ਮੀਰੀ , ਗੁਜਰਾਤੀ , ਤਾਮਿਲ , ਤੇਲਗੂ , ਪੰਜਾਬੀ , ਬੰਗਲਾ , ਮਰਾਠੀ , ਮਲਿਆਲਮ , ਸੰਸਕ੍ਰਿਤ , ਸਿੰਧੀ ਅਤੇ ਹਿੰਦੀ ਭਾਰਤ ਦੀਆਂ ਮੁੱਖ ਭਾਸ਼ਾਵਾਂ ਹਨ।
- ਇਹਨਾਂ ਸਾਰੀਆਂ ਭਾਸ਼ਾਵਾਂ ਸੰਵਿਧਾਨਿਕ ਦਰਜਾ ਦਿੱਤਾ ਗਿਆ ਹੈ।

ਪ੍ਰਸ਼ਨ 11. ਭਾਰਤ ਵਿੱਚ ਜਨਸੰਖਿਆ ਦੀ ਖੇਤਰੀ ਵੰਡ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਕੀ ਹਨ ?

ਉੱਤਰ -

- ਨਦੀਆਂ ਦੀਆਂ ਘਟੀਆਂ ਅਤੇ ਸਮੁੰਦਰ ਦੇ ਤੱਟਵਰਤੀ ਮੈਦਾਨਾਂ ਵਿੱਚ ਜਨਸੰਖਿਆ ਘਣਤਾ ਵੱਧ ਹੁੰਦੀ ਹੈ। ਪਰ ਪਰਬਤੀ ਅਤੇ ਮਾਰੂਥਲੀ ਖੇਤਰਾਂ ਵਿੱਚ ਜਨਸੰਖਿਆ ਘਣਤਾ ਘੱਟ ਹੈ।
- ਦੇਸ਼ ਦੀ ਜਿਆਦਾਤਰ ਜਨਸੰਖਿਆ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ।
- ਘੱਟ ਗਿਣਤੀ ਵਰਗ ਦੇ ਲੋਕ ਸਰਹਦੀ ਇਲਾਕਿਆਂ ਵਿੱਚ ਰਹਿੰਦੇ ਹਨ। ਜਿਵੇਂ ਭਾਰਤ ਪਾਕ ਸਰਹਦ ਦੇ ਕੋਲ ਪੰਜਾਬ ਵਿੱਚ ਸਿੱਖ ਅਤੇ ਜੰਮੂ-ਕਸ਼ਮੀਰ ਵਿੱਚ ਮੁਸਲਮਾਨਾਂ ਦੀ ਗਿਣਤੀ ਜਿਆਦਾ ਹੈ।

ਪ੍ਰਸ਼ਨ 12. ਦੇਸ਼ ਦੇ ਵੱਧ ਜਨਸੰਖਿਆ ਘਣਤਾ ਵਾਲੇ ਖੇਤਰ ਕਿਹੜੇ ਹਨ ?

ਉੱਤਰ -

- ਉੱਤਰੀ ਮੈਦਾਨ , ਪੱਛਮੀ ਅਤੇ ਪੂਰਬੀ ਤੱਟਵਰਤੀ ਮੈਦਾਨਾਂ ਵਿੱਚ ਜਨਸੰਖਿਆ ਵਸੋਂ ਵੱਧ ਹੈ।
- ਇਹ ਖੇਤਰ ਉਪਜਾਊ ਹਨ ਅਤੇ ਚੰਗੀ ਵਰਖਾ ਹੋਣ ਕਰਕੇ ਖੇਤੀ ਦਾ ਵਿਕਾਸ ਹੋਇਆ ਹੈ।
- ਇਸਤੋਂ ਇਲਾਵਾ ਵੱਡੇ ਉਦਯੋਗਿਕ ਸ਼ਹਿਰਾਂ ਜਿਵੇਂ ਦਿੱਲੀ ਮੁੰਬਈ ,ਮੰਗਲੂਰ ,ਪਟਨਾ ,ਕਾਨਪੁਰ ,ਲੁਧਿਆਣਾ ਆਦਿ ਦੀ ਜਨਸੰਖਿਆ ਵੀ ਵੱਧ ਹੈ।

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਜਲੰਧਰ) English and Social Studies

ਪ੍ਰਸ਼ਨ 13. ਦੇਸ਼ ਦੇ ਮੈਦਾਨੀ ਭਾਗਾਂ ਵਿੱਚ ਜਨਸੰਖਿਆ ਘਣਤਾ ਵੱਧ ਹੋਣ ਦੇ ਕੀ ਕਾਰਣ ਹਨ ?

ਉੱਤਰ -

- ਭਾਰਤ ਦੇ ਉੱਤਰੀ ਮੈਦਾਨ ਉਪਜਾਊ ਹਨ।
- ਇੱਥੇ ਵਰਖਾ ਚੰਗੀ ਹੁੰਦੀ ਹੈ ਜਿਸ ਕਾਰਣ ਖੇਤੀ ਦਾ ਵਿਕਾਸ ਹੋਇਆ ਹੈ।
- ਮੈਦਾਨੀ ਖੇਤਰਾਂ ਵਿੱਚ ਕਈ ਉਦਯੋਗਿਕ ਸ਼ਹਿਰ ਵਿਕਸਿਤ ਹੋ ਗਏ ਹਨ।
- ਇੱਥੇ ਆਵਾਜਾਈ ਅਤੇ ਸੰਚਾਰ ਦੇ ਸਾਧਨ ਉਨਤ ਹਨ।
- ਉਪਰੋਕਤ ਸਾਰੇ ਕਾਰਨਾਂ ਕਰਕੇ ਦੇਸ਼ ਦੇ ਮੈਦਾਨੀ ਭਾਗਾਂ ਵਿੱਚ ਜਨਸੰਖਿਆ ਘਣਤਾ ਵੱਧ ਹੈ।

ਪ੍ਰਸ਼ਨ 14. ਦੇਸ਼ ਵਿੱਚ ਘੱਟ ਜਨਸੰਖਿਆ ਵਾਲ੍ਹੇ ਖੇਤਰ ਕਿਹੜੇ ਹਨ ?

ਉੱਤਰ -

- ਪਰਬਤੀ ਖੇਤਰ : ਇਹਨਾਂ ਖੇਤਰਾਂ ਵਿੱਚ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ,ਉਤਰਾਂਚਲ ,ਅਰੁਣਾਚਲ ਪ੍ਰਦੇਸ਼,ਸਿੱਕਮ ਨਾਗਾਲੈਂਡ,ਮਣੀਪੁਰ ,ਮਿਜ਼ੋਰਮ,ਮੇਘਾਲਿਆ ਆਉਂਦਾ ਹੈ।
- ਮਾਰੂਥ੍ਲੀ ਖੇਤਰ : ਰਾਜਸਥਾਨ ,ਲੱਦਾਖ ਅਤੇ ਗੁਜਰਾਤ ਦੇ ਕੁਝ ਹਿੱਸੇ ਆਉਂਦੇ ਹਨ।
- ਪ੍ਰਾਇਦੀਪੀ ਪਠਾਰ ਦੇ ਖੇਤਰ : ਇਸ ਵਿੱਚ ਮੱਧ ਪ੍ਰਦੇਸ਼, ਛੱਤੀਸਗੜ੍ਹ , ਪੂਰਬੀ ਮਹਾਰਾਸ਼ਟਰ,ਤਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਦੇ ਕੁਝ ਹਿੱਸੇ ਆਉਂਦੇ ਹਨ।

ਪ੍ਰਸ਼ਨ 15. ਦੇਸ਼ ਦੇ ਚਾਵਲ ਉਤਪਾਦਨ ਖੇਤਰ ਵਿੱਚ ਜਨਸੰਖਿਆ ਘਣਤਾ ਵੱਧ ਕਿਉਂ ਹੈ ?

ਉੱਤਰ -

- ਭਾਰਤ ਦੇ ਚੌਲ ਉਤਪਾਦਕ ਖੇਤਰ ਉੱਤਰ-ਪ੍ਰਦੇਸ਼, ਬਿਹਾਰ, ਪਛਮੀ ਬੰਗਾਲ, ਤਾਮਿਲਨਾਡੂ ਸਭ ਤੋਂ ਵੱਧ ਸੰਘਣੀ ਜਨਸੰਖਿਆ ਵਾਲੇ ਖੇਤਰ ਹਨ।
- ਚੌਲਾਂ ਦਾ ਉਤਪਾਦਨ ਜਿਆਦਾ ਹੋਣ ਨਾਲ ਲੋਕਾਂ ਨੂੰ ਸਸਤਾ ਭੋਜਨ ਪ੍ਰਾਪਤ ਹੁੰਦਾ ਹੈ।
- ਚਾਵਲ ਦੀ ਖੇਤੀ ਲਈ ਵੱਧ ਮਜਦੂਰਾਂ ਦੀ ਲੋੜ ਹੁੰਦੀ ਹੈ , ਜੋ ਵੱਧ ਜਨਸੰਖਿਆ ਵਾਲੇ ਖੇਤਰਾਂ ਵਿੱਚ ਹੀ ਮਿਲ ਸਕਦੇ ਹਨ।

ਪ੍ਰਸ਼ਨ 17. ਦੇਸ਼ ਦੀ ਜਨਸੰਖਿਆ ਦੀ ਬਣਤਰ ਦਾ ਅਧਿਐਨ ਕਰਨਾ ਕਿਉਂ ਜਰੂਰੀ ਹੈ ?

ਉੱਤਰ -

- ਸਮਾਜਿਕ ਅਤੇ ਆਰਥਿਕ ਵਿਕਾਸ ਲਈ ਜਨਸੰਖਿਆ ਦੇ ਅੰਕੜਿਆਂ ਦੀ ਜਰੂਰਤ ਪੈਂਦੀ ਹੈ।
- ਜਨਸੰਖਿਆ ਦੇ ਭਿੰਨ ਭਿੰਨ ਤੱਤ ਇਸਦੇ ਆਰਥਿਕ ਵਿਕਾਸ ਨਾਲ ਜੁੜੇ ਹੁੰਦੇ ਹਨ।
- ਜੇਕਰ ਕਿਸੇ ਦੇਸ਼ ਦੀ ਜਨਸੰਖਿਆ ਵਿੱਚ ਬੱਚੇ ਅਤੇ ਬੂਢ਼ੇ ਲੋਕ ਜਿਆਦਾ ਹਨ ਤਾਂ ਸਿੱਖਿਆ ਅਤੇ ਸਿਹਤ ਸਹੂਲਤਾਂ ਉੱਤੇ ਜਿਆਦਾ ਖਰਚ ਕਰਨਾ ਪਵੇਗਾ।
- ਜੇਕਰ ਦੇਸ਼ ਵਿੱਚ ਕਾਮੇ ਲੋਕਾਂ ਦੀ ਜਨਸੰਖਿਆ ਵੱਧ ਹੈ ਤਾਂ ਦੇਸ਼ ਦਾ ਆਰਥਿਕ ਵਿਕਾਸ ਤੇਜ਼ ਹੁੰਦਾ ਹੈ।

ਪ੍ਰਸ਼ਨ 18. ਉਮਰ ਬਣਤਰ ਦੇ ਅਧਿਐਨ ਤੋਂ ਕੀ ਲਾਭ ਹੈ ?

ਉੱਤਰ- ਲਾਭ :

- ਦੇਸ਼ ਦੀ ਜਨਸੰਖਿਆ ਵਿੱਚ ਬਾਲ ਵਰਗ ਦੀ ਕੁੱਲ ਜਨਸੰਖਿਆ ਬਾਰੇ ਜਾਣਕਾਰੀ ਹੋਣ ਕਰਕੇ, ਸਰਕਾਰ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਸਿੱਖਿਆ ਅਤੇ ਸਿਹਤ ਸੇਵਾਵਾਂ ਵਿਚ ਕਿੰਨੀਆਂ ਸਹੂਲਤਾਂ ਦੀ ਲੋੜ ਹੈ।
- ਉਸ ਦੇ ਅਨੁਸਾਰ ਹੀ ਨਵੇ ਸਕੂਲਾਂ ਅਤੇ ਸਿਹਤ ਕੇਂਦਰਾਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ।
- ਇਸ ਤੋਂ ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਦੇਸ਼ ਵਿਚ ਕਿੰਨੇ ਲੋਕ ਵੋਟਰ ਵਰਗ ਵਿਚ ਹਨ।
- ਇਸ ਦੀ ਜਾਣਕਾਰੀ ਲੋਕਤੰਤਰੀ ਪ੍ਰਣਾਲੀ ਲਈ ਬਹੁਤ ਜਰੂਰੀ ਹੈ।

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਜਲੰਧਰ) English and Social Studies

ਪ੍ਰਸ਼ਨ 19. ਭਾਰਤ ਵਿੱਚ ਲਿੰਗ ਅਨੁਪਾਤ ਦੇ ਘੱਟ ਹੋਣ ਦੇ ਕੀ ਕਾਰਣ ਹਨ ?

ਉੱਤਰ-

- ਭਾਰਤੀ ਸਮਾਜ ਵਿਚ ਪੁਰਾਣੇ ਸਮੇਂ ਤੋਂ ਹੀ ਇਸਤਰੀਆਂ ਨੂੰ ਛੋਟਾ ਦਰਜਾ ਅਤੇ ਮਰਦਾਂ ਨੂੰ ਉੱਚਾ ਸਥਾਨ ਦਿੱਤਾ ਗਿਆ |
- ਇਸ ਲਈ ਛੋਟੀ ਉਮਰ ਦੀਆਂ ਲੜਕੀਆਂ ਦੀ ਸਿਹਤ ਅਤੇ ਖੁਰਾਕ ਵੱਲ ਘੱਟ ਧਿਆਨ ਦਿੱਤਾ ਜਾਂਦਾ ਹੈ |
- ਜਿਸ ਕਾਰਨ ਛੋਟੀ ਉਮਰ ਦੇ ਲੜਕਿਆਂ ਦੀ ਬਜਾਏ ਲੜਕੀਆਂ ਦੀ ਮੌਤ ਦਰ ਜ਼ਿਆਦਾ ਹੈ |
- ਲੜਕੀਆਂ ਨੂੰ ਪੈਦਾ ਹੋਣ ਤੋਂ ਪਹਿਲਾਂ ਹੀ ਮਾਰ ਦੇਣਾ ਵੀ ਇਸ ਦਾ ਇਕ ਕਾਰਨ ਹੈ |

ਪ੍ਰਸ਼ਨ 20. ਭਾਰਤ ਵਿੱਚ ਸ਼ਹਿਰੀ ਆਬਾਦੀ ਦੇ ਪਿਛਲੇ ਸਾਲਾਂ ਵਿੱਚ ਤੇਜੀ ਨਾਲ ਵਧਣ ਦੇ ਕੀ ਕਾਰਣ ਹਨ ?

ਉੱਤਰ-

- ਸ਼ਹਿਰਾਂ ਵਿੱਚ ਉਦਯੋਗਿਕ ਵਿਕਾਸ ਪਿੰਡਾਂ ਨਾਲੋਂ ਜਿਆਦਾ ਹੈ |
- ਪਿੰਡਾਂ ਵਿਚ ਬੇਰੋਗਾਰੀ ਦੀ ਸਮੱਸਿਆ ਕਾਰਨ ਇਥੋਂ ਦੇ ਨੌਜਵਾਨ ਰੁਜ਼ਗਾਰ ਦੀ ਤਲਾਸ਼ ਵਿਚ ਸ਼ਹਿਰਾਂ ਵੱਲ ਜਾ ਰਹੇ ਹਨ |
- ਪੇਂਡੂ ਨੌਜਵਾਨਾ ਦੀ ਸ਼ਹਿਰੀ ਜੀਵਨ ਵੱਲ ਖਿੱਚ ਵੀ ਵੱਧਦੀ ਜਾ ਰਹੀ ਹੈ |
- ਇਸ ਤੋਂ ਇਲਾਵਾ ਸ਼ਿਹਰਾਂ ਵਿਚ ਕਈ ਮੁਢਲੀਆਂ ਸਹੂਲਤਾ ਮਿਲਦੀਆਂ ਹਨ ਜੋ ਲੋਕਾਂ ਨੂੰ ਇਸ ਵੱਲ ਅਕਰਸ਼ਿਤ ਕਰਦਿਆਂ ਹਨ |

ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 1. ਭਾਰਤ ਵਿੱਚ ਜਨਸੰਖਿਆ ਦੀ ਘਣਤਾ ਦੇ ਖੇਤੀ ਰੂਪ ਦਾ ਵਰਣਨ ਕਰੋ |

ਉੱਤਰ-

ਚਾਵਲ

- ਖੇਤੀ ਰੂਪ ਪਖੋਂ, ਦੇਸ਼ ਦੇ ਚੌਲ ਉਤਪਾਦਕ ਖੇਤਰਾਂ ਵਿਚ ਜਨਸੰਖਿਆ ਸਭ ਤੋਂ ਵਧ ਹੈ |
- ਭਾਰਤ ਦੇ ਚੌਲ ਉਤਪਾਦਕ ਖੇਤਰ ਉੱਤਰ-ਪ੍ਰਦੇਸ਼, ਬਿਹਾਰ, ਪਛਮੀ ਬੰਗਾਲ, ਤਾਮਿਲਨਾਡੂ ਆਦਿ ਸਭ ਤੋਂ ਵੱਧ ਸੰਘਣੀ ਜਨਸੰਖਿਆ ਵਾਲੇ ਖੇਤਰ ਹਨ |
- ਚੌਲਾਂ ਦਾ ਉਤਪਾਦਨ ਜਿਆਦਾ ਹੋਣ ਨਾਲ ਲੋਕਾਂ ਨੂੰ ਸਸਤਾ ਭੋਜਨ ਪ੍ਰਾਪਤ ਹੁੰਦਾ ਹੈ |

ਕਣਕ

- ਦੂਸਰਾ ਸਥਾਨ ਕਣਕ ਉਤਪਾਦਕ ਖੇਤਰ ਦਾ ਆਉਂਦਾ ਹੈ | ਪਰ ਹੌਲੀ ਹੌਲੀ ਇਹ ਅੰਤਰ ਘੱਟ ਰਿਹਾ ਹੈ |
- ਚੌਲ ਉਤਪਾਦਕ ਖੇਤਰਾਂ ਜਿਵੇਂ ਉੱਤਰ-ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਆਦਿ ਵਿਚੋਂ ਬਹੁਤ ਸਾਰੇ ਕਾਮੇ ਪੰਜਾਬ ਅਤੇ ਹਰਿਆਣਾ ਵਰਗੇ ਕਣਕ ਉਤਪਾਦਕ ਖੇਤਰਾਂ ਵਿਚ ਪ੍ਰਵਾਸ ਕਰ ਕਰ ਰਹੇ ਹਨ |

ਬਾਜਰਾ ਅਤੇ ਜਵਾਰ

- ਤੀਸਰਾ ਸਥਾਨ ਬਾਜਰਾ ਅਤੇ ਜਵਾਰ ਉਤਪਾਦਕ ਖੇਤਰਾਂ ਦਾ ਹੈ | ਇਥੇ ਜਨਸੰਖਿਆ ਦੀ ਘਣਤਾ ਘੱਟ ਹੈ |
- ਇਸ ਤਰ੍ਹਾਂ ਦੇਸ਼ ਦੇ ਅਲੱਗ - ਅਲੱਗ ਖੇਤਰਾਂ ਵਿਚ ਜਨਸੰਖਿਆ ਦੀ ਘਣਤਾ ਅਤੇ ਖੇਤੀ ਉਪਜ ਵਿਚਕਾਰ ਗੂੜ੍ਹਾ ਸੰਬੰਧ ਹੈ |

ਪ੍ਰਸ਼ਨ 2. ਭਾਰਤ ਵਿੱਚ ਲਿੰਗ ਅਨੁਪਾਤ ਦੇ ਰਾਜ ਪੱਧਰ ਦਾ ਵਿਸਥਾਰਪੂਰਵਕ ਵਰਣਨ ਕਰੋ |

ਉੱਤਰ-

- ਲਿੰਗ ਅਨੁਪਾਤ ਤੋਂ ਭਾਵ 1000 ਆਦਮੀਆਂ ਪਿਛੇ ਇਸਤਰੀਆਂ ਦੀ ਔਸਤ ਸੰਖਿਆਂ ਤੋਂ ਹੈ |
- ਦੇਸ਼ ਦੇ ਸਭ ਰਾਜਾਂ ਵਿਚ ਲਿੰਗ-ਅਨੁਪਾਤ ਇਕਸਮਾਨ ਨਹੀ ਹੈ |
- ਰਾਜ ਪਧਰ ਤੇ ਕੇਰਲਾ ਵਿਚ ਇਹ ਅਨੁਪਾਤ ਸਭ ਤੋਂ ਵੱਧ (1084) ਹੈ | ਪਰ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਬਹੁਤ ਹੀ ਘੱਟ (866) ਹੈ |
- ਦੱਖਣੀ ਭਾਰਤ ਵਿਚ ਉੱਤਰ ਭਾਰਤ ਦੇ ਮੁਕਾਬਲੇ ਇਹ ਅਨੁਪਾਤ ਵੱਧ ਹੈ |

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (ਜਲੰਧਰ)
English and Social Studies

- ਉੱਤਰ ਭਾਰਤ ਵਿਚ ਵਿਸ਼ੇਸ਼ ਤੋਰ ਤੇ ਹਰਿਆਣਾ, ਪੰਜਾਬ, ਜੰਮੂ-ਕਸ਼ਮੀਰ ਆਦਿ ਵਿਚ ਬਾਕੀ ਰਾਜਾਂ ਨਾਲੋ ਅਨੁਪਾਤ ਬਹੁਤ ਘੱਟ ਹੈ | 2011 ਦੀ ਜਣਗਣਨਾਂ ਅਨੁਸਾਰ ਇਥੇ ਇਹ ਅਨੁਪਾਤ 900 ਤੋਂ ਵੀ ਘੱਟ ਹੈ |
- ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਵੱਡੇ ਸ਼ਹਿਰਾਂ ਵਿਚ ਵੀ ਇਹ ਅਨੁਪਾਤ ਬਹੁਤ ਘੱਟ ਹੈ |
- ਸਮਾਜ ਵਿਚ ਇਸਤਰੀਆਂ ਦੀ ਘੱਟ ਗਿਣਤੀ ਇਕ ਚਿੰਤਾ ਦਾ ਵਿਸ਼ਾ ਹੈ |

ਪ੍ਰਸ਼ਨ 3. ਦੇਸ਼ ਵਿੱਚ ਜਨਸੰਖਿਆ ਦੀ ਵੰਡ ਦੇ ਖੇਤਰੀ ਰੂਪ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਹਿਤ ਵਰਣਨ ਕਰੋ |

ਉੱਤਰ-

- ਭਾਰਤ ਵਿਚ ਜਨਸੰਖਿਆਂ ਦੀ ਵੰਡ ਬਹੁਤ ਅਸਮਾਨ ਹੈ |
- ਨਦੀਆਂ ਦੀਆਂ ਘਟੀਆਂ ਅਤੇ ਸਮੁੰਦਰ ਦੇ ਤੱਟਵਰਤੀ ਮੈਦਾਨਾਂ ਵਿੱਚ ਜਨਸੰਖਿਆ ਘਣਤਾ ਵੱਧ ਹੁੰਦੀ ਹੈ | ਜਿਵੇਂ ਉੱਤਰੀ ਮੈਦਾਨ, ਪੱਛਮੀ ਅਤੇ ਪੂਰਬੀ ਮੈਦਾਨ ਆਦਿ ਦੇ ਖੇਤਰ |
- ਪਰ ਪਰਬਤੀ ਅਤੇ ਮਾਰੂਥਲੀ ਖੇਤਰਾਂ ਵਿੱਚ ਜਨਸੰਖਿਆ ਘਣਤਾ ਘੱਟ ਹੈ | ਜਿਵੇਂ ਜੰਮੂ-ਕਸ਼ਮੀਰ, ਉਤਰਾਂਚਲ, ਅਰੁਣਾਚਲ ਪ੍ਰਦੇਸ਼, ਰਾਜਸਥਾਨ, ਲੱਦਾਖ ਆਦਿ |
- ਦੇਸ਼ ਦੀ ਜਿਆਦਾਤਰ ਜਨਸੰਖਿਆ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ | ਇਹ ਦੇਸ਼ ਦੀ ਕੁੱਲ ਜਨਸੰਖਿਆਂ ਦਾ 1/3 ਹੈ |
- ਘੱਟ ਗਿਣਤੀ ਵਰਗ ਦੇ ਲੋਕ ਸਰਹਦੀ ਇਲਾਕਿਆਂ ਵਿੱਚ ਰਹਿੰਦੇ ਹਨ | ਜਿਵੇਂ ਭਾਰਤ ਪਾਕ ਸਰਹਦ ਦੇ ਕੋਲ ਪੰਜਾਬ ਵਿੱਚ ਸਿੱਖ ਅਤੇ ਜੰਮੂ-ਕਸ਼ਮੀਰ ਵਿੱਚ ਮੁਸਲਮਾਨਾਂ ਦੀ ਗਿਣਤੀ ਜਿਆਦਾ ਹੈ |
- ਇਸਤੋਂ ਇਲਾਵਾ ਵੱਡੇ ਉਦਯੋਗਿਕ ਸ਼ਹਿਰਾਂ ਜਿਵੇਂ ਦਿੱਲੀ ਮੁੰਬਈ ,ਮੰਗਲੂਰ ,ਪਟਨਾ ,ਕਾਨਪੁਰ ,ਲੁਧਿਆਣਾ ਆਦਿ ਦੀ ਜਨਸੰਖਿਆ ਵੀ ਵੱਧ ਹੈ |

ਪ੍ਰਸ਼ਨ 4. ਵੱਡੇ ਸ਼ਹਿਰਾਂ ਵਿੱਚ ਤੇਜੀ ਨਾਲ ਆਬਾਦੀ ਵਧਣ ਨਾਲ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ ?

ਉੱਤਰ- <u>ਸਮੱਸਿਆਵਾਂ :</u>

- ਸ਼ਹਿਰਾਂ ਦੀ ਜਨਸੰਖਿਆਂ ਤੇਜ਼ੀ ਨਾਲ ਵਧਣ ਕਰਕੇ ਬਹੁਤ ਸਾਰੀਆਂ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਪੈਦਾ ਹੋ ਗਾਈਆਂ ਹਨ |
- ਵੱਡੇ ਸ਼ਹਿਰਾਂ ਵਿਚ ਜਨਸੰਖਿਆ ਵਧਣ ਕਰਕੇ ਸਾਧਨਾਂ ਅਤੇ ਸਹੂਲਤਾਂ ਦੀ ਕਮੀ ਦਾ ਸਾਹਮਣਾਂ ਕਰਨਾ ਪੈ ਰਿਹਾ ਹੈ |
- ਮਕਾਨਾਂ ਦੀ ਕਮੀ ਹੋ ਰਹੀ ਹੈ | ਲੋਕ ਗੰਦੀ ਬਸਤੀਆਂ ਵਿਚ ਰਹਿ ਰਹੇ ਹਨ |
- ਗੈਰ ਕਾਨੂੰਨੀ ਕੰਮ ਵਰਗੀਆਂ ਸਮੱਸਿਆਵਾਂ ਝੁਘੀ-ਬਸਤੀਆਂ ਨਾਲ ਹੀ ਜੁੜੀਆਂ ਹੋਈਆਂ ਹਨ |
- ਬੇਰੋਜ਼ਗਾਰੀ ਵੱਧ ਰਹੀ ਹੈ | ਕਿਉਂਕਿ ਪਿੰਡਾਂ ਤੋਂ ਬਹੁਤ ਸਾਰੇ ਲੋਕ ਕੰਮ ਦੀ ਭਾਲ ਵਿਚ ਸ਼ਹਿਰਾਂ ਵੱਲ ਪ੍ਰਵਾਸ ਕਰ ਰਹੇ ਹਨ |
- ਬੇਰੋਜ਼ਗਾਰ ਅਤੇ ਬਸਤੀਆਂ ਵਿਚ ਰਹਿਣ ਵਾਲੇ ਲੋਕਾਂ ਵਿਚ ਅਪਰਾਧ ਵੀ ਵੱਧ ਰਿਹਾ ਹੈ |
- ਸ਼ਹਿਰਾਂ ਵਿਚ ਜਨਸੰਖਿਆਂ ਵੱਧਨ ਨਾਲ ਪ੍ਰਤੀ ਵਿਅਕਤੀ ਆਮਦਨ ਬਹੁਤ ਘੱਟ ਰਹੀ ਹੈ |

ਪ੍ਰਸ਼ਨ 5. ਭਾਰਤ ਦੀ ਜਨਸੰਖਿਆ ਦੀ ਸੰਸਕ੍ਰਿਤਿਕ ਬਣਤਰ ਤੇ ਇੱਕ ਨੋਟ ਲਿਖੋ |

ਉੱਤਰ-

- ਭਾਰਤ ਵਿਚ ਅਨੇਕਾਂ ਨਸਲਾਂ ਦੇ ਲੋਕ ਰਹਿੰਦੇ ਹਨ | ਇਹਨਾਂ ਵਿਚ ਦ੍ਰਵਿੜ, ਮੰਗੋਲ ਅਤੇ ਆਰੀਆ ਮੁੱਖ ਹਨ |
- ਸਮਾਂ ਬੀਤਣ ਦੇ ਨਾਲ ਇਹ ਨਸਲਾਂ ਆਪਸ ਵਿਚ ਘੁਲ-ਮਿਲ ਗਾਈਆਂ ਹਨ | ਫਿਰ ਵੀ ਭਾਰਤ ਦੇ ਲੋਕਾਂ ਵਿਚ ਬਹੁਤ ਭਿੰਤਾਵਾਂ ਹਨ |
- ਪਰ ਇਹਨਾਂ ਅਨੇਕਤਾਵਾਂ ਦੇ ਬਾਵਜੂਦ ਸਭ ਮਿਲ-ਜੁਲ ਕੇ ਰਹਿੰਦੇ ਹਨ ਅਤੇ ਇਕ-ਦੂਜੇ ਦੇ ਫਿਰਕੇ ਦਾ ਸਨਮਾਨ ਕਰਦੇ ਹਨ |
- ਇਥੇ ਕਈ ਧਰਮਾ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ | ਪਰ ਇਕੋ ਧਰਮ ਨੂੰ ਮੰਨਣ ਵਾਲੇ ਲੋਕ ਭਿੰਨ-ਭਿੰਨ ਭਾਸ਼ਾਵਾਂ ਬੋਲਦੇ ਹਨ | ਭਾਸ਼ਾਵਾਂ ਉੱਤੇ ਜਾਤੀ, ਧਰਮ ਜਾਂ ਖੇਤਰੀ ਸਰਹਦਾਂ ਦਾ ਬੰਧਨ ਨਹੀਂ ਹੈ | ਇਹਨਾਂ ਸੱਭ ਭਿੰਤਾਵਾਂ ਤੋਂ ਬਾਵਜੂਦ ਅਸੀਂ ਸਾਰੇ ਭਾਰਤੀ ਹਨ |

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਜਲੰਧਰ) English and Social Studies

- ਇਥੇ ਕਿਸੇ ਵੀ ਵਿਅਕਤੀ ਨੂੰ ਧਰਮ ਦੇ ਅਧਾਰ ਤੇ ਵਿਸ਼ੇਸ਼ ਅਧਿਕਾਰ ਨਹੀ ਮਿਲਦੇ | ਕਾਨੂੰਨ ਦੇ ਸਾਹਮਣੇ ਸੱਭ ਬਰਾਬਰ ਹਨ |
- ਭਾਰਤ ਵਿਚ ਅਨੇਕਾਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰ ਇਹਨਾਂ ਸਾਰੀਆਂ ਭਾਸ਼ਾਵਾਂ ਦਾ ਜਨਮ ਸੰਸਕ੍ਰਿਤ ਜਾਂ ਦ੍ਰਵਿੜ ਭਾਸ਼ਾ ਤੋਂ ਹੋਇਆ ਹੈ |

ਪ੍ਰਸ਼ਨ 6. ਭਾਰਤ ਵਿੱਚ ਜਨਸੰਖਿਆ ਦੇ ਵਾਧੇ ਦੀ ਸਮੱਸਿਆ ਤੇ ਇੱਕ ਲੇਖ ਲਿਖੋ ਅਤੇ ਇਸ ਸਮੱਸਿਆ ਦੇ ਹੱਲ ਬਾਰੇ ਵੀ ਚਾਨਣਾ ਪਾਓ |

ਉੱਤਰ-

ਭਾਰਤ ਵਿਚ ਵੱਧ ਜਨਸੰਖਿਆਂ ਦੀ ਸਮੱਸਿਆ :

- ਭਾਰਤ ਦੀ ਜਨਸੰਖਿਆਂ ਤੇਜ਼ੀ ਨਾਲ ਵਧਣ ਕਰਕੇ ਬਹੁਤ ਸਾਰੀਆਂ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਪੈਦਾ ਹੋ ਗਾਈਆਂ ਹਨ |
- ਜਨਸੰਖਿਆ ਵਧਣ ਕਰਕੇ ਸਾਧਨਾਂ ਅਤੇ ਸਹੂਲਤਾਂ ਦੀ ਕਮੀ ਦਾ ਸਾਹਮਣਾਂ ਕਰਨਾ ਪੈ ਰਿਹਾ ਹੈ |
- ਬੇਰੋਜ਼ਗਾਰੀ ਵੱਧ ਰਹੀ ਹੈ | ਅਤੇ ਜਿਸ ਨਾਲ ਅਪਰਾਧ ਵੀ ਵੱਧ ਰਿਹਾ ਹੈ |
- ਪਿੰਡਾਂ ਵਿਚ ਭੂਮੀ ਤੇ ਦਬਾਅ ਵਧ ਰਿਹਾ ਹੈ ਅਤੇ ਜੋਤਾਂ ਛੋਟੀਆਂ ਹੋ ਰਹੀਆਂ ਹਨ | ਇਸ ਲਈ ਪਿੰਡਾਂ ਦੇ ਨੌਜਵਾਨ ਕੰਮ ਦੀ ਭਾਲ ਲਈ ਸ਼ਹਿਰਾਂ ਵੱਲ ਪ੍ਰਵਾਸ ਕਰ ਰਹੇ ਹਨ |
- ਦੇਸ਼ ਵਿਚ ਪ੍ਰਤੀ ਵਿਅਕਤੀ ਆਮਦਨ ਬਹੁਤ ਘੱਟ ਹੈ | ਇਸ ਕਾਰਨ ਸਾਡੇ ਦੇਸ਼ ਦੇ ਲੋਕਾਂ ਦਾ ਜੀਵਨ ਪੱਧਰ ਦੁਜੇ ਦੇਸ਼ਾਂ ਨਾਲੋਂ ਨੀਵਾਂ ਹੈ |

ਸਮੱਸਿਆ ਦਾ ਹੱਲ :

- ਅਨਪੜ੍ਹਤਾ ਖਤਮ ਕਰਨ ਨਾਲ ਲੋਕ ਇਸ ਸਮੱਸਿਆ ਦੇ ਪ੍ਰਤੀ ਜਾਗਰੁਕ ਹੋਣਗੇ |
- ਇਸਤਰੀ ਸਿੱਖਿਆ ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ |
- ਇਸਤਰੀ ਅਧਿਕਾਰਾਂ ਲਈ ਜਾਗ੍ਰਿਤੀ ਦੀ ਲੋੜ ਹੈ |
- ਛੋਟਾ ਪਰਿਵਾਰ ਨੂੰ ਰਾਸ਼ਟਰੀ ਆਦਰਸ਼ ਮੰਨਿਆ ਜਾਣਾ ਚਾਹੀਦਾ ਹੈ |

ਪ੍ਰਸ਼ਨ 7 ਦੇਸ਼ ਵਿੱਚ ਸਿੱਖਿਆ ਦੇ ਫੈਲਾਅ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਆਲੋਚਨਾਤਮਕ ਅਧਿਐਨ ਕਰੋ |

ਉੱਤਰ-

- ਸਿੱਖਿਆ ਮਨੁੱਖ ਦੇ ਵਿਕਾਸ ਲਈ ਬਹੁਤ ਜਰੂਰੀ ਹੈ |
- ਆਜ਼ਾਦੀ ਦੇ ਸਮੇਂ ਸਾਡੇ ਦੇਸ਼ ਵਿਚ ਕੇਵਲ 14% ਲੋਕ ਹੀ ਪੜ੍ਹੇ-ਲਿਖੇ ਸਨ | ਪਰ ਹੁਣ ਇਹ ਗਿਣਤੀ 11 ਗੁਣਾਂ ਵੱਧ ਚੁੱਕੀ ਹੈ |
- ਦੇਸ਼ ਵਿਚ ਹਰੇਕ ਪਿੰਡ ਵਿਚ ਸਕੂਲ ਖੋਲਣ ਨੂੰ ਪਹਿਲ ਦਿੱਤੀ ਗਈ ਹੈ |
- ਹੁਣ ਦੇਸ਼ ਵਿਚ 5 ਲੱਖ ਤੋਂ ਵੀ ਵੱਧ ਸਕੂਲ ਹਨ ਜੋ 1951 ਵਿਚ 2 ਲੱਖ ਸਨ |
- ਮਿਡਲ ਸਕੂਲਾਂ ਦੀ ਗਿਣਤੀ ਵੀ ਦੱਸ ਗੁਣਾਂ ਵੱਧ ਗਈ ਹੈ |
- ਕਈ ਰਾਜ ਸਰਕਾਰਾਂ ਨੇ ਚਲਦੇ ਫਿਰਦੇ ਅਤੇ ਰਾਤ ਦੇ ਸਕੂਲਾਂ ਦਾ ਵੀ ਪ੍ਰਬੰਧ ਕੀਤਾ ਹੈ |
- ਲੜਕੀਆਂ ਦੀ ਸਿੱਖਿਆ ਦਾ ਮਹੱਤਵ ਸਮਝਦੇ ਹੋਏ, ਹੋਸਟਲਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ |
- ਪਰ ਇਹਨਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਵੀ ਸਾਡੇ ਦੇਸ਼ ਵਿਚ ਬਹੁਤ ਸਾਰੇ ਬੱਚੇ ਅੱਧ ਵਿਚਕਾਰ ਹੀ ਸਕੂਲ ਨੂੰ ਛੱਡ ਜਾਂਦੇ ਹਨ |
- ਦੂਰ ਦਰਾਡੇ ਦੇ ਪਿੰਡਾਂ ਵਿਚ ਸਿੱਖਿਆ ਸਹੂਲਤਾਂ ਦੇਣਾ, ਅਜੇ ਵੀ ਇਕ ਸਮੱਸਿਆ ਹੈ |
- ਇਸ ਲਈ ਸਿੱਖਿਆ ਦੇ ਫੈਲਅ ਲਈ ਸਾਨੂੰ ਲਗਾਤਾਰ ਆਤੇ ਹੋਰ ਕੋਸ਼ਿਸ਼ਾਂ ਕਰਨ ਦੀ ਲੋੜ ਹੈ |

****

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਜਲੰਧਰ)
English and Social Studies

ਅਰਥ ਸ਼ਾਸਤਰ

ਪਾਠ - 4 ਭਾਰਤ ਵਿਚ ਉਦਯੋਗਿਕ ਵਿਕਾਸ

ਪ੍ਰਸ਼ਨ 1. ਭਾਰਤ ਵਿਚ ਤੇਜ਼ ਅਤੇ ਸੰਤੁਲਿਤ ਉਦਯੋਗੀਕਰਣ ਦੀ ਲੋੜ ਦੇ ਕਾਰਣਾਂ ਦਾ ਵਰਣਨ ਕਰੋ।

ਉੱਤਰ- ਉਦਯੋਗੀਕਰਣ ਦੀ ਲੋੜ ਦੇ ਕਾਰਣ:

- ਉਦਯੋਗੀਕਰਣ ਨਾਲ ਨਵੇ ਉਦਯੋਗ ਲਗਦੇ ਹਨ ਅਤੇ ਜਿਸ ਨਾਲ ਰੁਜ਼ਗਾਰ ਵਿਚ ਵਾਧਾ ਹੁੰਦਾ ਹੈ।
- ਉਦਯੋਗੀਕਰਣ ਨਾਲ ਕੁਦਰਤੀ ਸਾਧਨਾਂ ਦਾ ਵੱਧ ਅਤੇ ਸਹੀ ਪ੍ਰਯੋਗ ਹੋਵੇਗਾ। ਜਿਸ ਨਾਲ ਰਾਸ਼ਟਰੀ ਆਮਦਨ ਵਿਚ ਵਾਧਾ ਹੋਵੇਗਾ।
- ਦੇਸ਼ ਦੀ ਅਰਥਵਿਵਸਥਾ ਸੰਤੁਲਿਤ ਹੋਵੇਗੀ ਅਤੇ ਖੇਤੀ ਉੱਤੇ ਨਿਰਭਰਤਾ ਘੱਟ ਜਾਵੇਗੀ।
- ਖੇਤੀ ਤੇ ਦਬਾਅ ਘੱਟਣ ਨਾਲ ਖੇਤੀ ਦਾ ਵਿਕਾਸ ਹੋਵੇਗਾ।
- ਉਦਯੋਗੀ ਵਿਕਾਸ ਨਾਲ ਜਰੂਰੀ ਵਸਤੂਆਂ ਦੇਸ਼ ਵਿਚ ਹੀ ਤਿਆਰ ਹੋਣਗੀਆਂ ਅਤੇ ਵਿਦੇਸ਼ਾਂ ਤੇ ਨਿਰਭਰਤਾ ਘਟੇਗੀ।
- ਦੇਸ਼ ਵਿਚ ਲੋਹਾ, ਇਸਪਾਤ, ਹਵਾਈ ਜਹਾਜ ਅਤੇ ਸੁਰਖਿਆ ਸੰਬਧੀ ਕਈ ਉਦਯੋਗ ਲਗਾਏ ਜਾ ਸਕਦੇ ਹਨ। ਇਹ ਦੇਸ਼ ਦੀ ਸੁਰੱਖਿਆ ਲਈ ਬਹੁਤ ਮਹੱਤਵਪੂਰਨ ਹਨ।

ਪ੍ਰਸ਼ਨ 3. ਭਾਰਤ ਵਿਚ ਲਘੂ ਅਤੇ ਕੁਟੀਰ ਉਦਯੋਗਾਂ ਤੋਂ ਕਿ ਭਾਵ ਹੈ ? ਇਹਨਾਂ ਦੀਆਂ ਸਮੱਸਿਆਵਾਂ ਦਾ ਵਰਣਨ ਕਰੋ।

ਉੱਤਰ-

ਕੁਟੀਰ ਉਦਯੋਗ ਉਹ ਉਦਯੋਗ ਹੁੰਦਾ ਹੈ ਜੋ ਪੇਂਡੂ ਖੇਤਰ ਵਿਚ ਸਥਾਨਿਕ ਮੰਗਾ ਦੀ ਪੂਰਤੀ ਲਈ ਚਲਾਇਆ ਜਾਂਦਾ ਹੈ। ਇਹ ਆਮ ਤੋਰ ਤੇ ਇਕ ਪਰਿਵਾਰ ਦੇ ਮੈਂਬਰਾਂ ਦੁਆਰਾ ਘਰ ਵਿਚ ਹੀ ਚਲਾਇਆ ਜਾਂਦਾ ਹੈ।ਇਸ ਵਿਚ ਆਮ ਔਜਾਰਾਂ ਨਾਲ ਕੰਮ ਹੁੰਦਾ ਹੈ ਅਤੇ ਪੂੰਜੀ ਵੀ ਘੱਟ ਲਗਦੀ ਹੈ।

ਲਘੂ ਉਦਯੋਗ ਸ਼ਹਿਰੀ ਖੇਤਰਾਂ ਵਿਚ ਲਗਾਇਆ ਜਾਂਦਾ ਹੈ। ਇਸ ਵਿਚ ਭਾੜੇ ਦੇ ਮਜਦੂਰ ਲੱਗੇ ਹੁੰਦੇ ਹਨ। ਇਹ ਮਸ਼ੀਨਾਂ ਅਤੇ ਸ਼ਕਤੀ ਨਾਲ ਚਲਦੇ ਹਨ। ਇਸ ਵਿਚ ਪੂੰਜੀ ਵੀ ਵੱਧ ਲਗਦੀ ਹੈ।

ਸਮਸਿਆਵਾਂ :

- ਕੁਟੀਰ ਅਤੇ ਲਘੂ ਉਦਯੋਗਾਂ ਨੂੰ ਕੱਚਾ ਮਾਲ, ਬਿਜਲੀ ਅਤੇ ਕੋਇਲੇ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ।
- ਇਹਨਾਂ ਉਦਯੋਗਾਂ ਨੂੰ ਬੈਂਕਾਂ ਤੋਂ ਘੱਟ ਕਰਜ਼ਾ ਮਿਲਣ ਕਰਕੇ ਸ਼ਾਹੂਕਾਰਾਂ ਤੇ ਨਿਰਭਰ ਰਹਿਣਾ ਪੈਂਦਾ ਹੈ।
- ਪੁਰਾਣੇ ਤਰੀਕੇ ਅਤੇ ਪੁਰਾਣੇ ਔਜ਼ਾਰ ਵਰਤੇ ਜਾਣ ਕਰਕੇਇਹਨਾਂ ਉਦਯੋਗਾਂ ਵਿਚ ਉਤਪਾਦਨ ਘੱਟ ਹੁੰਦਾ ਹੈ ਅਤੇ ਵਸਤੂਆਂ ਵੀ ਘਟੀਆ ਕਿਸਮ ਦੀਆਂ ਤਿਆਰ ਹੁੰਦੀਆਂ ਹਨ।
- ਇਹਨਾਂ ਉਦਯੋਗਾਂ ਦੁਆਰਾ ਤਿਆਰ ਮਾਲ ਉਚਿਤ ਮੁੱਲ ਤੇ ਵੇਚਣ ਵਿਚ ਬਹੁਤ ਮੁਸ਼ਕਲਾਂ ਆਉਂਦੀਆਂ ਹਨ।
- ਵੱਡੇ ਉਦਯੋਗਾਂ ਰਾਂਹੀ ਤਿਆਰ ਕੀਤਾ ਮਾਲ ਸਸਤਾ ਅਤੇ ਚੰਗੀ ਕਿਸਮ ਦਾ ਹੁੰਦਾ ਹੈ। ਇਸ ਲਈ ਲਘੂ ਉਦਯੋਗ ਵੱਡੇ ਉਦਯੋਗਾਂ ਨਾਲ ਮੁਕਾਬਲਾ ਨਹੀ ਕਰ ਪਾਂਦੇ।

ਪ੍ਰਸ਼ਨ 4. ਭਾਰਤ ਵਿਚ ਲਘੂ ਅਤੇ ਕੁਟੀਰ ਉਦਯੋਗਾਂ ਦਾ ਕਿ ਮਹੱਤਵ ਹੈ ?

ਉੱਤਰ-ਮਹੱਤਵ :

- ਲਘੂ ਅਤੇ ਕੁਟੀਰ ਉਦਯੋਗਾਂ ਦੇ ਵਿਕਾਸ ਨਾਲ ਰੁਜ਼ਗਾਰ ਵਿਚ ਵਾਧਾ ਹੁੰਦਾ ਹੈ। ਕਿਉਂਕਿ ਇਹ ਉਦਯੋਗ ਮਜਦੂਰ ਪ੍ਰਧਾਨ ਹੁੰਦੇ ਹਨ।
- ਇਹ ਸਥਾਨਿਕ ਸਾਧਨਾਂ ਦਾ ਸਹੀ ਪ੍ਰਯੋਗ ਕਰਕੇ ਰਾਸ਼ਟਰੀ ਆਮਦਨ ਵਿਚ ਵਾਧਾ ਕਰਦੇ ਹਨ।
- ਇਹਨਾਂ ਉਦਯੋਗਾਂ ਦੇ ਸਥਾਪਿਤ ਹੋਣ ਨਾਲ ਜਨਸੰਖਿਆ ਦਾ ਖੇਤੀ ਉੱਤੇ ਦਬਾਅ ਘੱਟ ਜਾਂਦਾ ਹੈ।
- ਇਹਨਾਂ ਉਦਯੋਗਾਂ ਵਿਚ ਉਹ ਸਮਾਨ ਤਿਆਰ ਹੁੰਦਾ ਹੈ ਜੋ ਵੱਡੇ ਉਦਯੋਗਾਂ ਲਈ ਉਪਯੋਗੀ ਹੈ। ਜਿਵੇਂ ਸਾਈਕਲ, ਮੋਟਰਾਂ, ਮਸ਼ੀਨਾਂ ਆਦਿ ਦੇ ਪੁਰਜੇ।

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (ਜਲੰਧਰ) English and Social Studies

ਪ੍ਰਸ਼ਨ 5. ਭਾਰਤ ਵਿਚ ਲਘੂ ਅਤੇ ਕੁਟੀਰ ਉਦਯੋਗਾਂ ਵਿਚ ਅੰਤਰ ਦੱਸੋ ਅਤੇ ਇਹਨਾਂ ਦੀਆਂ ਸਮਸਿਆਵਾਂ ਦੇ ਹੱਲ ਕੱਢਨ ਬਾਰੇ ਸੁਝਾਅ ਦਿਓ।

ਉੱਤਰ-

ਕੁਟੀਰ ਉਦਯੋਗ ਉਹ ਉਦਯੋਗ ਹੁੰਦਾ ਹੈ ਜੋ ਪੇਂਡੂ ਖੇਤਰ ਵਿਚ ਸਥਾਨਿਕ ਮੰਗਾ ਦੀ ਪੂਰਤੀ ਲਈ ਚਲਾਇਆ ਜਾਂਦਾ ਹੈ। ਇਹ ਆਮ ਤੋਰ ਤੇ ਇਕ ਪਰਿਵਾਰ ਦੇ ਮੈਂਬਰਾਂ ਦੁਆਰਾ ਘਰ ਵਿਚ ਹੀ ਚਲਾਇਆ ਜਾਂਦਾ ਹੈ।ਇਸ ਵਿਚ ਆਮ ਔਜਾਰਾਂ ਨਾਲ ਕੰਮ ਹੁੰਦਾ ਹੈ ਅਤੇ ਪੂੰਜੀ ਵੀ ਘੱਟ ਲਗਦੀ ਹੈ।

ਲਘੂ ਉਦਯੋਗ ਸ਼ਹਿਰੀ ਖੇਤਰਾਂ ਵਿਚ ਲਗਾਇਆ ਜਾਂਦਾ ਹੈ। ਇਸ ਵਿਚ ਭਾੜੇ ਦੇ ਮਜਦੂਰ ਲੱਗੇ ਹੁੰਦੇ ਹਨ। ਇਹ ਮਸ਼ੀਨਾਂ ਅਤੇ ਸ਼ਕਤੀ ਨਾਲ ਚਲਦੇ ਹਨ। ਇਸ ਵਿਚ ਪੂੰਜੀ ਵੀ ਵੱਧ ਲਗਦੀ ਹੈ।

ਸੁਝਾਅ :

- ਕੁਟੀਰ ਅਤੇ ਲਘੂ ਉਦਯੋਗਾਂ ਨੂੰ ਕੱਚਾ ਮਾਲ, ਬਿਜਲੀ ਅਤੇ ਕੋਇਲੇ ਆਦਿ ਦੀ ਕਮੀ ਨਹੀ ਹੋਣੀ ਚਾਹੀਦੀ।
- ਇਹਨਾਂ ਉਦਯੋਗਾਂ ਨੂੰ ਬੈਂਕਾਂ ਤੋਂ ਘੱਟ ਵਿਆਜ਼ ਅਤੇ ਉਚਿਤ ਮਾਤਰਾ ਵਿਚ ਕਰਜ਼ਾ ਮਿਲਣਾ ਚਾਹੀਦਾ ਹੈ।
- ਪੁਰਾਣੇ ਤਰੀਕੇ ਅਤੇ ਪੁਰਾਣੇ ਔਜ਼ਾਰ ਵਰਤੇ ਜਾਣ ਕਰਕੇ ਇਹਨਾਂ ਉਦਯੋਗਾਂ ਵਿਚ ਉਤਪਾਦਨ ਘੱਟ ਹੁੰਦਾ ਹੈ, ਇਸ ਲਈ ਇਹਨਾਂ ਨੂੰ ਤਕਨੀਕੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ।
- ਇਹਨਾਂ ਉਦਯੋਗਾਂ ਦੁਆਰਾ ਤਿਆਰ ਮਾਲ ਨੂੰ ਉਚਿਤ ਮੁੱਲ ਤੇ ਵੇਚਣ ਦੀ ਸਹੂਲਤ ਹੋਣੀ ਚਾਹੀਦੀ ਹੈ।

ਪ੍ਰਸ਼ਨ 7. ਵੱਡੇ ਉਦਯੋਗਾਂ ਦੇ ਮਹੱਤਵ ਦੀ ਵਿਆਖਿਆ ਕਰੋ।

ਉੱਤਰ- ਮਹੱਤਵ :

- ਉਦਯੋਗੀਕਰਣ ਲਈ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਆਦਿ ਦੀ ਲੋੜ ਹੁੰਦੀ ਹੈ। ਗਡੀਆਂ, ਟਰੱਕਾਂ, ਜਹਾਜਾਂ ਆਦਿ ਦਾ ਨਿਰਮਾਣ ਵੱਡੇ ਉਦਯੋਗਾਂ ਦੁਆਰਾ ਹੀ ਕੀਤਾ ਜਾਂਦਾ ਹੈ।
- ਵੱਡੇ ਉਦਯੋਗ ਹੀ ਉਦਯੋਗਿਕ ਖੋਜਾਂ ਲਈ ਜਰੂਰੀ ਧਨ ਦਾ ਪ੍ਰਬੰਧ ਕਰਦੇ ਹਨ।
- ਵੱਡੇ ਉਦਯੋਗਾਂ ਕਾਰਨ ਹੀ ਕਈ ਸਹਾਇਕ ਉਦਯੋਗਾਂ ਦੀ ਸਥਾਪਨਾਂ ਹੁੰਦੀ ਹੈ।
- ਪੂੰਜੀਗਤ ਵਸਤੂਆਂ ਦਾ ਉਤਪਾਦਨ ਵੱਡੇ ਉਦਯੋਗ ਹੀ ਕਰ ਸਕਦੇ ਹਨ।

ਪ੍ਰਸ਼ਨ 8. ਭਾਰਤ ਦੇ ਉਦਯੋਗੀਕਰਨ ਦੀ ਧੀਮੀ ਗਤੀ ਦੇ ਕਿ ਕਾਰਣ ਹਨ ?

ਉੱਤਰ- ਕਾਰਣ :

- ਪੂੰਜੀ ਦੀ ਕਮੀ : ਭਾਰਤ ਦੇ ਲੋਕਾਂ ਕੋਲ ਘੱਟ ਪੂੰਜੀ ਹੋਣ ਕਰਕੇ ਉਹ ਆਪਣੀ ਪੂੰਜੀ ਨੂੰ ਉਦਯੋਗਾਂ ਵਿਚ ਲਗਾਉਣ ਦਾ ਜੋਖਿਮ ਨਹੀਂ ਲੈਂਦੇ।
- ਕੁਸ਼ਲ ਮਜਦੂਰਾਂ ਦੀ ਘਾਟ: ਆਧੁਨਿਕ ਉਦਯੋਗਾਂ ਨੂੰ ਠੀਕ ਢੰਗ ਨਾਲ ਚਲਾਉਣ ਲਈ ਕੁਸ਼ਲ ਮਜਦੂਰ ਦੀ ਲੋੜ ਹੁੰਦੀ ਹੈ। ਪਰ ਭਾਰਤ ਵਿਚ ਅਜਿਹੇ ਮਜਦੂਰਾਂ ਦੀ ਘਾਟ ਹੈ।
- ਸਸਤੇ ਸ਼ਕਤੀ ਸਾਧਨਾਂ ਦੀ ਘਾਟ : ਉਦਯੋਗਾਂ ਨੂੰ ਚਲਾਉਣ ਲਈ ਸਸਤੀ ਬਿਜਲੀ ਅਤੇ ਤੇਲ ਦੀ ਲੋੜ ਹੁੰਦੀ ਹੈ। ਪਰ ਭਾਰਤ ਵਿਚ ਇਹ ਬਹੁਤ ਮਹਿੰਗੇ ਹਨ।
- ਕੱਚੇ ਮਾਲ ਦੀ ਕਮੀ :ਭਾਰਤ ਵਿਚ ਉਦਯੋਗਾਂ ਲਈ ਕੱਚਾ ਮਾਲ ਬਹੁਤ ਘੱਟ ਮਾਤਰਾ ਵਿਚ ਅਤੇ ਘਟੀਆ ਕਿਸਮ ਦਾ ਮਿਲਦਾ ਹੈ।
- ਵਿੱਤ ਸੰਬੰਧੀ ਸਮੱਸਿਆ : ਭਾਰਤ ਵਿਚ ਉਦਯੋਗਾਂ ਨੂੰ ਘੱਟ ਵਿਆਜ਼ ਤੇ ਲੰਬੇ ਸਮੇਂ ਲਈ ਕਰਜਾ ਦੇਣ ਵਾਲੇ ਬੈਂਕਾਂ ਦੀ ਘਾਟ ਹੈ।
- ਆਵਾਜਾਈ ਅਤੇ ਸੰਚਾਰ ਦਾ ਘੱਟ ਵਿਕਾਸ : ਭਾਰਤ ਵਿਚ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਦਾ ਵਿਕਾਸ ਦੂਜੇ ਦੇਸ਼ਾਂ ਨਾਲੋਂ ਘੱਟ ਹੋਇਆ ਹੈ, ਜੋਕਿ ਉਦਯੋਗਾਂ ਦੇ ਵਿਕਾਸ ਲਈ ਜਰੂਰੀ ਹੈ।

ਪ੍ਰਸ਼ਨ9. ਭਾਰਤ ਵਿਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯੋਗਦਾਨ ਬਾਰੇ ਸੰਖੇਪ ਨੋਟ ਲਿਖੋ।

ਉੱਤਰ-

- ਸਰਕਾਰ ਵੱਲੋਂ ਕਈ ਤਰ੍ਹਾਂ ਦੀਆਂ ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਸਥਾਪਿਤ ਕੀਤੀਆਂ ਗਾਈਆਂ ਹਨ। ਜਿਵੇਂ : ICICI, IDBI ਆਦਿ।
- ਦੇਸ਼ ਵਿਚ ਆਵਾਜਾਈ ਦੇ ਸਾਧਨਾਂ ਦਾ ਬਹੁਤ ਵਿਕਾਸ ਕੀਤਾ ਗਿਆ ਹੈ ਤਾਂ ਕਿ ਉਦਯੋਗਾਂ ਦਾ ਮਾਲ ਦੂਰ ਸਥਾਨਾਂ ਤੱਕ ਪਹੁੰਚ ਸਕੇ।

- ਉਦਯੋਗਾਂ ਲਈ ਜਰੂਰੀ ਸ਼ਕਤੀ ਸਾਧਨ ਬਿਜਲੀ, ਦਾ ਉਤਪਾਦਾਨ ਵਧਾਉਣ ਲਈ ਕਈ ਤਰ੍ਹਾਂ ਦੀਆਂ ਯੋਜਨਾਵਾਂ ਚਲਾਈਆਂ ਗਾਈਆਂ ਹਨ।
- ਪਿਛੜੇ ਖੇਤਰਾਂ ਦੇ ਵਿਕਾਸ ਲਈ, ਇਹਨਾਂ ਖੇਤਰਾਂ ਵਿਚ ਲਗਾਏ ਜਾਣ ਵਾਲੇ ਉਦਯੋਗਾਂ ਨੂੰ ਬਹੁਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

****

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਜਲੰਧਰ)
English and Social Studies

ਇਤਿਹਾਸ

ਪਾਠ - 8 ਅੰਗਰੇਜਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜਾਂ ਦਾ ਕਬਜਾ

ਪ੍ਰਸ਼ਨ 2. ਭੈਰੋਵਾਲ ਸੰਧੀ ਦੇ ਕਾਰਨ ਦੱਸੋ।

ਉੱਤਰ- ਕਰਨ :

- ਲਾਹੌਰ ਦੀ ਸੰਧੀ ਅਨੁਸਾਰ ਅੰਗਰੇਜ ਸੈਨਾ ਨੇ ਇੱਕ ਸਾਲ ਲਈ ਲਾਹੌਰ ਰਹਿਣਾ ਸੀ।
- ਪਰ ਲਾਰਡ ਹਾਰਡਿੰਗ ਨੇ ਅੰਗਰੇਜ ਸੈਨਾ ਨੂੰ ਲਾਹੌਰ ਵਿੱਚ ਹੀ ਰੱਖਣਾ ਚਾਹੁੰਦਾ ਸੀ ਅਤੇ ਬ੍ਰਿਟਿਸ਼ ਰੈਜ਼ੀਡੈਂਟ ਵੀ ਨਿਯੁਕਤ ਕਰਨਾ ਚਾਹੁੰਦਾ ਸੀ।
- ਇਸ ਲਈ ਉਸਨੇ ਲਾਹੌਰ ਦਰਬਾਰ ਦੇ ਸਰਦਾਰਾਂ ਦੀ ਵਿਸ਼ੇਸ਼ ਸਭਾ ਬੁਲਾਈ।
- ਇਸ ਸਭਾ ਵਿੱਚ ਕੇਵਲ ਉਹਨਾਂ ਸ਼ਰਤਾਂ ਦਾ ਐਲਾਨ ਕੀਤਾ ਗਿਆ ਜਿਹਨਾਂ ਦੇ ਅਧਾਰ ਤੇ 1946 ਈ : ਪਿੱਛੋਂ ਲਾਹੌਰ ਵਿੱਚ ਅੰਗਰੇਜ ਸੈਨਾ ਰੱਖਣ ਲਈ ਸਰਦਾਰ ਮੰਨ ਗਏ ਸਨ।
- 16 ਦਸੰਬਰ ਨੂੰ ਸੰਧੀ ਪੱਤਰ ਉੱਤੇ ਹਸਤਾਖਰ ਕਰ ਦਿੱਤੇ ਗਏ।

ਪ੍ਰਸ਼ਨ 3. ਭਰੋਵਾਲ ਸੰਧੀ ਦੀਆਂ ਕੋਈ ਚਾਰ ਧਰਾਵਾਂ ਦਿਓ।

ਉੱਤਰ- ਧਰਾਵਾਂ :

- ਲਾਹੌਰ ਵਿਖੇ ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤਾ ਗਿਆ ਇੱਕ ਬ੍ਰਿਟਿਸ਼ ਰੈਜ਼ੀਡੈਂਟ ਰਹੇਗਾ।
- ਮਹਾਰਾਜਾ ਦਲੀਪ ਸਿੰਘ ਦੇ ਨਬਾਲਿਗ ਕਾਲ ਵਿੱਚ ਰਾਜ ਦਾ ਸ਼ਾਸਨ ਪ੍ਰਬੰਧ ਕੌਂਸਿਲ ਆਫ ਰੀਜੈਂਸੀ ਕੋਲ ਰਹੇਗਾ ।
- ਕੌਂਸਿਲ ਆਫ ਰੀਜੈਂਸੀ ਬ੍ਰਿਟਿਸ਼ ਰੈਜ਼ੀਡੈਂਟ ਦੀ ਸਲਾਹ ਨਾਲ ਕੰਮ ਕਰੇਗੀ।
- ਮਹਾਰਾਨੀ ਜਿੰਦਾ ਨੂੰ ਰਾਜ ਤੋਂ ਵੱਖ ਕਰਕੇ ਪੈਨਸ਼ਨ ਦੇ ਦਿੱਤੀ ਗਈ।

ਪ੍ਰਸ਼ਨ 4. ਭੈਰੋਵਾਲ ਸੰਧੀ ਦੀ ਮਹੱਤਤਾ ਦੱਸੋ।

ਉੱਤਰ- ਮਹੱਤਤਾ :

- ਇਸ ਸੰਧੀ ਨਾਲ ਅੰਗਰੇਜ ਪੰਜਾਬ ਦੇ ਮਾਲਕ ਬਣ ਗਏ।
- ਲਾਹੌਰ ਦਰਬਾਰ ਵਿੱਚ ਬ੍ਰਿਟਿਸ਼ ਰੈਜ਼ੀਡੈਂਟ ਨੂੰ ਆਸੀਮ ਸ਼ਕਤੀ ਮਿਲ ਗਈ।
- ਮਹਾਰਾਨੀ ਜਿੰਦਾਂ ਨੂੰ ਰਾਜ ਤੋਂ ਵੱਖ ਕਰਕੇ ਬਨਾਰਸ ਭੇਜ ਦਿੱਤਾ ਗਿਆ।

ਪ੍ਰਸ਼ਨ 5 . ਪਹਿਲੇ ਐਂਗਲੋ ਸਿੱਖ ਯੁੱਧ ਤੋਂ ਬਾਅਦ ਅੰਗਰੇਜਾਂ ਨੇ ਪੰਜਾਬ ਨੂੰ ਆਪਣੇ ਕਬਜੇ ਵਿੱਚ ਕਿਉਂ ਨਾ ਕੀਤਾ ?

ਉੱਤਰ-

- ਸਿੱਖ ਭਾਵੇਂ ਪਹਿਲੇ ਐਂਗਲੋ ਸਿੱਖ ਯੁੱਧ ਵਿੱਚ ਹਾਰ ਗਏ ਪਰ ਅਜੇ ਵੀ ਉਹਨਾਂ ਦੀ ਸੈਨਾ ਲਾਹੌਰ ,ਅੰਮ੍ਰਿਤਸਰ ਅਤੇ ਪੇਸ਼ਾਵਰ ਵਿੱਚ ਤੈਨਾਤ ਸੀ। ਇਸ ਲਈ ਅੰਗਰੇਜਾਂ ਨੇ ਸਿੱਖਾਂ ਨਾਲ ਦੁਬਾਰਾ ਨਾ ਲੜਨ ਹੀ ਠੀਕ ਸਮਝਿਆ।
- ਪੰਜਾਬ ਵਿਚ ਸ਼ਾਂਤੀ ਦੀ ਵਿਵਸਥਾ ਸਥਾਪਤ ਕਰਨ ਲਈ ਆਮਦਨ ਤੋਂ ਵਧ ਖ਼ਰਚ ਕਰਨਾ ਪੈਣਾਂ ਸੀ।
- ਅਫਗਾਨ ਰਾਜ ਅਤੇ ਅੰਗਰੇਜਾਂ ਵਿਚਕਾਰ ਸਿਖ ਰਾਜ ਇਕ ਦੀਵਾਰ ਦੀ ਤਰ੍ਹਾਂ ਸੀ।
- ਲਾਰਡ ਹਾਰਡਿੰਗ ਲਾਹੌਰ ਦਰਬਾਰ ਨੂੰ ਸਿਰਫ ਕਮਜ਼ੋਰ ਕਰਨਾ ਚਾਹੁੰਦਾ ਸੀ ਤਾਂ ਕਿ ਅੰਗਰੇਜ਼ ਜਦੋ ਮਾਰਜ਼ੀ ਆਸਾਨੀ ਨਾਲ ਪੰਜਾਬ ਤੇ ਕਬਜਾ ਕਰ ਲੈਣ। ਇਸ ਲਈ ਉਸਨੇ ਲਾਹੌਰ ਰਾਜ ਨੂੰ ਆਰਥਿਕ ਅਤੇ ਸੈਨਿਕ ਪੱਖੋਂ ਕਮਜ਼ੋਰ ਕਰਨ ਵਾਲੀ ਸੰਧੀ ਕਰ ਲਈ।

ਪ੍ਰਸ਼ਨ 6. ਭੈਰੋਵਾਲ ਦੀ ਸੰਧੀ ਤੋਂ ਬਾਅਦ ਅੰਗਰੇਜਾਂ ਨੇ ਰਾਣੀ ਜਿੰਦਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ?

ਉੱਤਰ-

- ਮਹਾਰਾਣੀ ਜਿੰਦਾਂ ਨੂੰ ਰਾਜ ਤੋਂ ਵੱਖ ਕਰ ਦਿੱਤਾ ਗਿਆ।
- ਮਹਾਰਾਣੀ ਨੂੰ ਡੇਢ ਲੱਖ ਪੈਨਸ਼ਨ ਦੇ ਦਿੱਤੀ ਗਈ।
- ਕੁਝ ਸਮੇਂ ਬਾਅਦ ਉਸਨੂੰ ਸ਼ੇਖੂਪੁਰਾ ਭੇਜ ਦਿੱਤਾ ਗਿਆ।
- ਫਿਰ ਉਸਨੂੰ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ ਗਿਆ।

ਪੜ੍ਹ ਪੰਜਾਬ, ਪੜ੍ਹਾਓ ਪੰਜਾਬ (ਜਲੰਧਰ) English and Social Studies

ਪ੍ਰਸ਼ਨ 7. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ ?
ਉੱਤਰ -

- ਮਹਾਰਾਜਾ ਦਲੀਪ ਸਿੰਘ ਪੰਜਾਬ ਦਾ ਆਖਰੀ ਸਿੱਖ ਹਾਕਮ ਸੀ |
- ਪਹਿਲੇ ਐਂਗਲੋ-ਸਿੱਖ ਯੁੱਧ ਸਮੇਂ ਉਹ ਨਾਬਾਲਿਗ ਸੀ | ਇਸ ਲਈ ਭੈਰੋਵਾਲ ਦੀ ਸੰਧੀ ਅਨੁਸਾਰ ਰਾਜ ਦਾ ਸ਼ਾਸਨ ਪ੍ਰਬੰਧ ਕੌਸਿਲ ਆਫ ਰੀਜੈਂਸੀ ਕੋਲ ਚਲਾ ਗਿਆ |
- ਪਰ ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ |
- ਉਸਨੂੰ ਚਾਰ ਤੋਂ ਪੰਜ ਲੱਖ ਰੁਪਏ ਸਲਾਨਾ ਪੈਨਸ਼ਨ ਦੇ ਦਿੱਤੀ ਗਈ |

ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 1. ਅੰਗਰੇਜਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਦੇ ਕਾਰਨ ਲਿਖੋ |

ਉੱਤਰ- ਕਾਰਨ:

- ਪੰਜਾਬ ਵਿੱਚ ਅਰਾਜਕਤਾ ਅਤੇ ਗੜਬੜ : ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਅਰਾਜਕਤਾ ਫੈਲ ਗਈ | ਉਸਦੇ ਉੱਤਰਾਧਿਕਾਰੀ ਕਮਜ਼ੋਰ ਸਿੱਧ ਹੋਏ ਅਤੇ ਅੰਗਰੇਜ ਇਸ ਗੱਲ ਦਾ ਫਾਇਦਾ ਚੁੱਕਣਾ ਚਾਹੁੰਦੇ ਸਨ |
- ਪਹਿਲੇ ਅਫਗਾਨ ਯੁੱਧ ਵਿੱਚ ਅੰਗਰੇਜਾਂ ਦੀ ਹਾਰ : ਅੰਗਰੇਜਾਂ ਦੀ ਅਫਗਾਨਾਂ ਵਿਰੁੱਧ ਹਾਰ ਨੇ ਸਿੱਖਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ,ਕਿਉਂਕਿ ਸਿੱਖਾਂ ਨੇ ਤਾਂ ਅਫਗਾਨਾਂ ਨੂੰ ਕਈ ਵਾਰ ਹਰਾਇਆ ਸੀ |
- ਅੰਗਰੇਜਾਂ ਦਾ ਸਿੰਧ ਉੱਤੇ ਅਧਿਕਾਰ: ਅੰਗਰੇਜਾਂ ਦਾ ਸਿੰਧ ਉੱਤੇ ਅਧਿਕਾਰ ਕਰ ਲੈਣ ਨਾਲ ਸਿੱਖਾਂ ਨੂੰ ਇਹ ਵਿਸ਼ਵਾਸ਼ ਹੋ ਗਿਆ ਕਿ ਉਹ ਪੰਜਾਬ ਨੂੰ ਘੇਰ ਰਹੇ ਹਨ |
- ਅੰਗਰੇਜਾਂ ਦੀ ਫ਼ੌਜੀ ਤਿਆਰੀ: ਪੰਜਾਬ ਦੀਆਂ ਸਰਹੱਦਾਂ ਉੱਤੇ ਸੈਨਿਕਾਂ ਅਤੇ ਤੋਪਾਂ ਦੀ ਗਿਣਤੀ ਵਧਾ ਦਿੱਤੀ ਗਈ |
- ਸੁਚੇਤ ਸਿੰਘ ਦੀ ਖਜਾਨੇ ਅਤੇ ਮੌੜਾਂ ਪਿੰਡ ਦਾ ਮਾਮਲਾ: ਇਹਨਾਂ ਮਾਮਲਿਆਂ ਤੇ ਸਿੱਖਾਂ ਅਤੇ ਅੰਗਰੇਜਾਂ ਵਿੱਚਕਾਰ ਮਤਭੇਦ ਪੈਦਾ ਹੋ ਗਏ ਅਤੇ ਇਹ ਯੁੱਧ ਦਾ ਇੱਕ ਕਾਰਨ ਬਣਿਆ |
- ਲਾਲ ਸਿੰਘ ਅਤੇ ਤੇਜਾ ਸਿੰਘ ਵੱਲੋਂ ਸਿੱਖ ਸੈਨਾ ਨੂੰ ਉਕਸਾਉਣਾ: ਸਿੱਖ ਸਰਦਾਰ, ਲਾਲ ਸਿੰਘ ਅਤੇ ਤੇਜਾ ਸਿੰਘ ਅੰਗਰੇਜਾਂ ਨਾਲ ਮਿਲੇ ਹੋਏ ਸਨ | ਉਹਨਾਂ ਨੇ ਸਿੱਖ ਸੈਨਾਂ ਨੂੰ ਅੰਗਰੇਜਾਂ ਦੇ ਖਿਲਾਫ਼ ਉਕਸਾਇਆ ਤਾਂ ਕਿ ਯੁੱਧ ਹੋਣ ਤੇ ਸਿੱਖ ਸੈਨਾ ਦਾ ਵੱਧ ਤੋਂ ਵੱਧ ਨੁਕਸਾਨ ਹੋਵੇ |

ਪ੍ਰਸ਼ਨ 2. ਪਹਿਲੇ ਐਂਗਲੋ -ਸਿੱਖ ਯੁੱਧ ਦੀਆਂ ਘਟਨਾਵਾਂ ਲਿਖੋ |

ਉੱਤਰ- ਘਟਨਾਵਾਂ :

- ਮੁਦਕੀ ਦੀ ਲੜਾਈ (18ਦਸੰਬਰ 1845) : ਲਾਲ ਸਿੰਘ ਜੋ ਅੰਗਰੇਜਾਂ ਨਾਲ ਮਿਲਿਆ ਹੋਇਆ ਸੀ , ਛੋਟੀ ਜਿਹੀ ਸਿੱਖ ਸੈਨਾ ਨੂੰ ਮੁਦਕੀ ਲੈ ਆਇਆ | ਸਿੱਖ ਸੈਨਾਂ ਨੂੰ ਮੈਦਾਨ ਵਿੱਚ ਇਕੱਲੇ ਛੱਡ ਕੇ ਉਹ ਆਪ ਉੱਥੋਂ ਭੱਜ ਗਿਆ, ਜਿਸ ਕਾਰਨ ਸਿੱਖਾਂ ਦੀ ਹਾਰ ਹੋਈ |
- ਫਿਰੋਜਸ਼ਾਹ ਦੀ ਲੜਾਈ (21 ਦਸੰਬਰ 1845) : ਮੁਦਕੀ ਦੀ ਲੜਾਈ ਪਿੱਛੋਂ ਬ੍ਰਿਟਿਸ਼ ਸੈਨਾ ਨੇ ਫਿਰੋਜਸ਼ਾਹ ਵਿਖੇ ਸਿੱਖ ਸੈਨਾ ਉੱਤੇ ਹਮਲਾ ਕਰ ਦਿੱਤਾ | ਸਿੱਖਾਂ ਦੀਆਂ ਤੋਪਾਂ ਨੇ ਅੰਗਰੇਜਾਂ ਦੀਆ 1/3 ਤੋਪਾਂ ਨੂੰ ਨਕਾਰਾ ਕਰ ਦਿੱਤਾ | ਪਰ ਇੱਕ ਵਾਰ ਫਿਰ ਲਾਲ ਸਿੰਘ ਅਤੇ ਤੇਜਾ ਸਿੰਘ ਦੇ ਮੈਦਾਨ ਛੱਡ ਕੇ ਭੱਜਣ ਕਾਰਨ ਅੰਗਰੇਜ਼ ਹਾਰਦੇ ਹਾਰਦੇ ਜਿੱਤ ਗਏ |
- ਬੱਦੋਵਾਲ ਦੀ ਲੜਾਈ (21 ਜਨਵਰੀ 1846) : ਸਰਦਾਰ ਰਣਜੋਧ ਸਿੰਘ ਮਜੀਠੀਆ ਅਤੇ ਸਰਦਾਰ ਅਜੀਤ ਸਿੰਘ ਨੇ ਸਿੱਖ ਸੈਨਾ ਨੂੰ ਲੈ ਕੇ ਸਤਲੁਜ

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ English and Social Studies

ਦਰਿਆ ਨੂੰ ਪਾਰ ਕੀਤਾ | ਬੱਦੋਵਾਲ ਪਿੰਡ ਵਿਖੇ ਸਿੱਖਾਂ ਅਤੇ ਅੰਗਰੇਜਾਂ ਵਿੱਚਕਾਰ ਲੜਾਈ ਹੋਈ ਜਿਸ ਵਿੱਚ ਸਿੱਖਾਂ ਦੀ ਜਿੱਤ ਹੋਈ |

- ਅਲੀਵਾਲ ਦੀ ਲੜਾਈ (28 ਜਨਵਰੀ 1846) : ਫਿਰੋਜਪੁਰ ਤੋਂ ਸਹਾਇਕ ਸੈਨਾ ਆਉਣ ਤੇ ਸਰ ਹੈਨਰੀ ਸਮਿਥ ਨੇ ਅਲੀਵਾਲ ਵਿਖੇ ਸਿੱਖ ਸੈਨਾ ਉੱਤੇ ਅਚਾਨਕ ਹਮਲਾ ਕਰ ਦਿੱਤਾ | ਇਸ ਲਈ ਅੰਗਰੇਜਾਂ ਦੀ ਜਿੱਤ ਹੋਈ |
- ਸਭਰਾਓਂ ਦੀ ਲੜਾਈ (10ਫ਼ਰਵਰੀ 1846) : ਤੇਜਾ ਸਿੰਘ ਅਤੇ ਲਾਲ ਸਿੰਘ ਨੇ ਸਭਰਾਓ ਵਿਖੇ ਅੰਗਰੇਜਾਂ ਨੂੰ ਸੰਭਲਣ ਦਾ ਮੌਕਾ ਦੇ ਦਿੱਤਾ ਅਤੇ ਆਪ ਲੜਾਈ ਸ਼ੁਰੂ ਹੋਣ ਤੇ ਭੱਜ ਗਏ | ਸ਼ਾਮ ਸਿੰਘ ਅਟਾਰੀਵਾਲਾ ਬਹੁਤ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋ ਗਿਆ | ਉਸਦੇ ਸ਼ਹੀਦ ਹੁੰਦੇ ਹੀ ਸਿੱਖਾਂ ਦੀ ਹਾਰ ਹੋ ਗਈ |

ਪ੍ਰਸ਼ਨ 3. ਲਾਹੌਰ ਦੀ ਪਹਿਲੀ ਸੰਧੀ ਦੀਆਂ ਧਾਰਾਵਾਂ ਲਿਖੋ |

ਉੱਤਰ- ਧਾਰਾਵਾਂ :

- ਬ੍ਰਿਟਿਸ਼ ਸਰਕਾਰ ਅਤੇ ਮਹਾਰਾਜਾ ਦਲੀਪ ਸਿੰਘ ਵਿੱਚਕਾਰ ਸਦਾ ਮਿੱਤਰਤਾ ਬਣੀ ਰਹੇਗੀ |
- ਲਾਹੌਰ ਦਰਬਾਰ ਸਤਲੁਜ ਦਰਿਆ ਦੇ ਦੱਖਣ ਵਾਲੇ ਇਲਾਕਿਆਂ ਤੋਂ ਆਪਣਾ ਅਧਿਕਾਰ ਛੱਡ ਦਵੇਗਾ |
- ਅੰਗਰੇਜਾਂ ਨੇ ਲਾਹੌਰ ਸਰਕਾਰ ਤੋਂ ਡੇਢ ਕਰੋੜ ਰੁਪਏ ਯੁੱਧ ਦੇ ਹਰਜਾਨੇ ਵਜੋਂ ਮੰਗੇ |
- ਮਹਾਰਾਜਾ ਨੇ ਲਾਹੌਰ ਸੈਨਾ ਦੇ ਵਿਦਰੋਹੀ ਦਸਤਿਆਂ ਨੂੰ ਤੋੜਨ ਅਤੇ ਬੇ-ਹਥਿਆਰ ਕਰਨ ਦਾ ਵਚਨ ਦਿੱਤਾ |
- ਲਾਹੌਰ ਰਾਜ ਦੀ ਪੈਦਲ ਸੈਨਾ ਘਟਾ ਕੇ 20 ਹਜ਼ਾਰ ਅਤੇ ਘੋੜਸਵਾਰ 12 ਹਜ਼ਾਰ ਹੋਣਗੇ |
- ਮਹਾਰਾਜਾ ਬ੍ਰਿਟਿਸ਼ ਸਰਕਾਰ ਦੀ ਮਨਜੂਰੀ ਤੋਂ ਬਿਨਾ ਕਿਸੇ ਅੰਗਰੇਜ ਯੂਰਪੀਅਨ ਜਾਂ ਅਮਰੀਕਨ ਨੂੰ ਨੌਕਰੀ ਨਹੀਂ ਦਵੇਗਾ |
- ਦਲੀਪ ਸਿੰਘ ਨੂੰ ਲਾਹੌਰ ਦਾ ਮਹਾਰਾਜਾ ,ਰਾਣੀ ਜਿੰਦਾਂ ਨੂੰ ਉਸਦਾ ਸਰਪ੍ਰਸਤ ਅਤੇ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਸਵੀਕਾਰ ਕਰ ਲਿਆ |
- ਬ੍ਰਿਟਿਸ਼ ਸਰਕਾਰ ਦੀ ਮੰਜੂਰੀ ਤੋਂ ਬਿਨਾਂ ਲਾਹੌਰ ਰਾਜ ਦੀਆਂ ਹੱਦਾਂ ਨਹੀਂ ਬਦਲੀਆਂ ਜਾਣਗੀਆਂ |

ਪ੍ਰਸ਼ਨ 4. ਭੈਰੋ ਵਾਲ ਦੀ ਸੰਧੀ ਬਾਰੇ ਜਾਣਕਾਰੀ ਦਿਓ |

ਉੱਤਰ-

ਕਰਨ :

- ਲਾਹੌਰ ਦੀ ਸੰਧੀ ਅਨੁਸਾਰ ਅੰਗਰੇਜ ਸੈਨਾ ਨੇ ਇੱਕ ਸਾਲ ਲਈ ਲਾਹੌਰ ਰਹਿਣਾ ਸੀ |
- ਪਰ ਲਾਰਡ ਹਾਰਡਿੰਗ ਨੇ ਅੰਗਰੇਜ ਸੈਨਾ ਨੂੰ ਲਾਹੌਰ ਵਿੱਚ ਹੀ ਰੱਖਣਾ ਚਾਹੁੰਦਾ ਸੀ ਅਤੇ ਬ੍ਰਿਟਿਸ਼ ਰੈਜ਼ੀਡੈਂਟ ਵੀ ਨਿਯੁਕਤ ਕਰਨਾ ਚਾਹੁੰਦਾ ਸੀ |
- ਇਸ ਲਈ ਉਸਨੇ ਲਾਹੌਰ ਦਰਬਾਰ ਦੇ ਸਰਦਾਰਾਂ ਦੀ ਵਿਸ਼ੇਸ਼ ਸਭਾ ਬੁਲਾਈ |
- ਇਸ ਸਭਾ ਵਿੱਚ ਕੇਵਲ ਉਹਨਾਂ ਸ਼ਰਤਾਂ ਦਾ ਐਲਾਨ ਕੀਤਾ ਗਿਆ ਜਿਹਨਾਂ ਦੇ ਅਧਾਰ ਤੇ 1946 ਈ : ਪਿੱਛੋਂ ਲਾਹੌਰ ਵਿੱਚ ਅੰਗਰੇਜ ਸੈਨਾ ਰੱਖਣ ਲਈ ਸਰਦਾਰ ਮੰਨ ਗਏ ਸਨ |
- 16 ਦਸੰਬਰ ਨੂੰ ਸੰਧੀ ਪੱਤਰ ਉੱਤੇ ਹਸਤਾਖਰ ਕਰ ਦਿੱਤੇ ਗਏ |

ਧਰਾਵਾਂ :

- ਲਾਹੌਰ ਵਿਖੇ ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤਾ ਗਿਆ ਇੱਕ ਬ੍ਰਿਟਿਸ਼ ਰੈਜ਼ੀਡੈਂਟ ਰਹੇਗਾ |
- ਮਹਾਰਾਜਾ ਦਲੀਪ ਸਿੰਘ ਦੇ ਨਬਾਲਿਗ ਕਾਲ ਵਿੱਚ ਰਾਜ ਦਾ ਸ਼ਾਸਨ ਪ੍ਰਬੰਧ ਕੌਂਸਿਲ ਆਫ ਰੀਜੈਂਸੀ ਕੋਲ ਰਹੇਗਾ |
- ਕੌਂਸਿਲ ਆਫ ਰੀਜੈਂਸੀ ਬ੍ਰਿਟਿਸ਼ ਰੈਜ਼ੀਡੈਂਟ ਦੀ ਸਲਾਹ ਨਾਲ ਕੰਮ ਕਰੇਗੀ |
- ਮਹਾਰਾਨੀ ਜਿੰਦਾ ਨੂੰ ਰਾਜ ਤੋਂ ਵੱਖ ਕਰਕੇ ਪੈਨਸ਼ਨ ਦੇ ਦਿੱਤੀ ਗਈ |

ਮਹੱਤਤਾ :

- ਇਸ ਸੰਧੀ ਨਾਲ ਅੰਗਰੇਜ ਪੰਜਾਬ ਦੇ ਮਾਲਕ ਬਣ ਗਏ |

- ਲਾਹੌਰ ਦਰਬਾਰ ਵਿੱਚ ਬ੍ਰਿਟਿਸ਼ ਰੈਜ਼ੀਡੈਂਟ ਨੂੰ ਆਸੀਮ ਸ਼ਕਤੀ ਮਿਲ ਗਈ।
- ਮਹਾਰਾਨੀ ਜਿੰਦਾਂ ਨੂੰ ਰਾਜ ਤੋਂ ਵੱਖ ਕਰਕੇ ਬਨਾਰਸ ਭੇਜ ਦਿੱਤਾ ਗਿਆ।

ਪ੍ਰਸ਼ਨ 5 . ਦੂਜੇ ਐਂਗਲੋ ਸਿੱਖ ਯੁੱਧ ਦੇ ਕਾਰਣ ਲਿਖੋ।

ਉੱਤਰ-

- ਸਿੱਖਾਂ ਵਿੱਚ ਅਸੰਤੋਸ਼ : ਪਹਿਲੇ ਐਂਗਲੋ -ਸਿੱਖ ਯੁੱਧ ਵਿੱਚ ਲਾਲ ਸਿੰਘ ਅਤੇ ਤੇਜਾ ਸਿੰਘ ਦੇ ਵਿਸ਼ਵਾਸਘਾਤ ਕਾਰਣ ਸਿੱਖਾਂ ਦੀ ਹਾਰ ਹੋਈ। ਯੁੱਧ ਪਿੱਛੋਂ ਹੋਈਆਂ ਸੰਧੀਆਂ ਵਿੱਚ ਲਾਹੌਰ ਰਾਜ ਤੇ ਕਈ ਪਾਬੰਦੀਆਂ ਲਗਾਈਆਂ ਗਈਆਂ ਅਤੇ ਉਸਨੂੰ ਕਮਜ਼ੋਰ ਕੀਤਾ ਗਿਆ।
- ਸਿੱਖ ਸੈਨਿਕਾਂ ਦੀ ਗਿਣਤੀ ਅਤੇ ਤਨਖਾਹ ਘਟਾਉਣਾ : ਲਾਹੌਰ ਦੀ ਪਹਿਲੀ ਸੰਧੀ ਤੋਂ ਬਾਅਦ ਸਿੱਖ ਸੈਨਿਕਾਂ ਦੀ ਗਿਣਤੀ ਅਤੇ ਤਨਖਾ ਘਟਾ ਦਿੱਤੀ ਗਈ।
- ਮਹਾਰਾਣੀ ਜਿੰਦਾ ਨਾਲ ਭੈੜਾ ਸਲੂਕ : ਭੈਰੋਵਾਲ ਦੀ ਸੰਧੀ ਅਨੁਸਾਰ ਮਹਾਰਾਣੀ ਜਿੰਦਾਂ ਨੂੰ ਰਾਜ ਤੋਂ ਵੱਖ ਕਰ ਦਿੱਤਾ ਗਿਆ ਅਤੇ ਬਾਅਦ ਵਿੱਚ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ।
- ਮੂਲਤਾਨ ਦੇ ਮੂਲਰਾਜ ਦਾ ਵਿਦਰੋਹ : ਮੁਲਤਾਨ ਦੇ ਨਾਜ਼ਿਮ ਦੀਵਾਨ ਮੂਲਰਾਜ ਨੇ ਸਲਾਨਾ ਰਾਸ਼ੀ ਘੱਟ ਕਰਨ ਦੀ ਬੇਨਤੀ ਕੀਤੀ। ਪਰ ਅੰਗਰੇਜਾਂ ਨੇ ਇਹ ਨਾ ਮੰਨੀ। ਜਿਸ ਤੇ ਦੀਵਾਨ ਮੂਲਰਾਜ ਨੇ ਅਸਤੀਫਾ ਦੇ ਕੇ ਅੰਗਰੇਜ ਸਰਕਾਰ ਦੇ ਵਿਰੁੱਧ ਬਗਾਵਤ ਕਰ ਦਿੱਤੀ।
- ਚਤਰ ਸਿੰਘ ਅਟਾਰੀ ਵਾਲਾ ਅਤੇ ਉਸ ਦੇ ਪੁੱਤਰ ਦੀ ਬਗਾਵਤ : ਚਤਰ ਸਿੰਘ ਅਟਾਰੀਵਾਲਾ ਹਜ਼ਾਰਾ ਦਾ ਗਵਰਨਰ ਸੀ। ਕੈਪਟਨ ਐਬਟ ਦੁਆਰਾ ਚਤਰ ਸਿੰਘ ਤੇ ਵਿਦ੍ਰੋਹੀਆਂ ਨਾਲ ਮਿਲ੍ਹੇ ਹੋਣ ਦਾ ਇਲਜ਼ਾਮ ਲਗਾਇਆ ਗਿਆ। ਇਸ ਗੱਲ ਤੇ ਚਤਰ ਸਿੰਘ ਅਤੇ ਉਸਦੇ ਪੁੱਤਰ ਸ਼ੇਰ ਸਿੰਘ ਨੇ ਅੰਗਰੇਜਾਂ ਵਿਰੁੱਧ ਬਗਾਵਤ ਕਰ ਦਿੱਤੀ।
- ਪੰਜਾਬ ਉੱਤੇ ਅੰਗਰੇਜਾਂ ਦਾ ਹਮਲਾ: ਮੂਲਰਾਜ ਚਤਰ ਸਿੰਘ ਅਤੇ ਸ਼ੇਰ ਸਿੰਘ ਦੀਆਂ ਬਗਾਵਤਾਂ ਨੇ ਲਾਰਡ ਡਲਹੌਜ਼ੀ ਨੂੰ ਪੰਜਾਬ ਤੇ ਕਬਜਾ ਕਰਨ ਦੀ ਉਸਦੀ ਯੋਜਨਾ ਨੂੰ ਪੂਰਾ ਕਰਨ ਦਾ ਮੌਕਾ ਦੇ ਦਿੱਤਾ।

ਪ੍ਰਸ਼ਨ 6. ਦੂਜੇ ਐਂਗਲੋ ਸਿੱਖ ਯੁੱਧ ਦੀਆਂ ਘਟਨਾਵਾਂ ਬਿਆਨ ਕਰੋ।

ਉੱਤਰ- ਦੂਜੇ ਐਂਗਲੋ ਸਿੱਖ ਯੁੱਧ ਦੀਆਂ ਘਟਨਾਵਾਂ:

- ਰਾਮਨਗਰ ਦੀ ਲੜਾਈ (22 ਨਵੰਬਰ 1848) : ਸ਼ੇਰ ਸਿੰਘ ਅਟਾਰੀਵਾਲਾ ਦੀ ਸੈਨਾ ਅਤੇ ਅੰਗਰੇਜ ਸੈਨਾ ਵਿੱਚਕਾਰ ਰਾਮਨਗਰ ਦੇ ਸਥਾਨ ਤੇ ਲੜਾਈ ਹੋਈ। ਇਸ ਲੜਾਈ ਵਿੱਚ ਅੰਗਰੇਜਾਂ ਨੂੰ ਹਾਰ ਹੋਈ ਅਤੇ ਉਹਨਾਂ ਦੇ ਦੋ ਪ੍ਰਸਿੱਧ ਸੈਨਾਨਾਇਕ ਵੀ ਮਾਰੇ ਗਏ।
- ਚਿਲ੍ਹੀਆਂਵਾਲਾ ਦੀ ਲੜਾਈ : ਸਿੱਖਾਂ ਨੇ ਇਸ ਲੜਾਈ ਵਿੱਚ ਅੰਗਰੇਜਾਂ ਨੂੰ ਬੜਾ ਹੀ ਨੁਕਸਾਨ ਪਹੁੰਚਾਇਆ ਸਿੱਟੇ ਵਜੋਂ ਅੰਗਰੇਜ ਸੈਨਾਪਤੀ ਹਿਉਗ ਗਫ਼ ਦੀ ਥਾਂ ਸਰ ਚਾਰਲਸ ਨੇਪੀਅਰ ਨੂੰ ਪ੍ਰਧਾਨ ਸੈਨਾਪਤੀ ਨਿਯੁਕਤ ਕੀਤਾ ਗਿਆ।
- ਅੰਗਰੇਜਾਂ ਦਾ ਮੁਲਤਾਨ ਉੱਤੇ ਕਬਜਾ : ਮੂਲਰਾਜ ਦੀ ਅਗਵਾਈ ਵਿੱਚ ਸਿੱਖ ਸੈਨਿਕਾਂ ਨੇ ਅੰਗਰੇਜ ਸੈਨਾ ਦਾ ਮੁਕਾਬਲਾ ਕੀਤਾ। ਪਰ ਇਕ ਦਿਨ ਕਿਲ੍ਹੇ ਵਿੱਚ ਅਚਾਨਕ ਫਟੇ ਗੋਲ੍ਹੇ ਕਾਰਣ ਮੂਲਰਾਜ ਦਾ ਸਾਰਾ ਬਾਰੂਦ ਫੱਟ ਕੇ ਨਸ਼ਟ ਹੋ ਗਿਆ। ਇਸ ਲਈ ਮਜਬੂਰ ਹੋ ਕੇ ਮੂਲਰਾਜ ਨੇ 22 ਜਨਵਰੀ ਨੂੰ ਅੰਗਰੇਜ ਸੈਨਾ ਅੱਗੇ ਹਥਿਆਰ ਸੁੱਟ ਦਿੱਤੇ।
- ਗੁਜਰਾਤ ਦੀ ਲੜਾਈ : ਚਿਨਾਬ ਦਰਿਆ ਦੇ ਕੰਢੇ ਗੁਜਰਾਤ ਵਿਖੇ ਦੋਵਾਂ ਸੈਨਾਵਾਂ ਵਿੱਚਕਾਰ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿੱਚ ਮਹਾਰਾਜ ਸਿੰਘ ਅਤੇ ਅਫ਼ਗਾਨ ਹਾਕਮ ਦੋਸਤ ਮੁਹੰਮਦ ਨੇ ਵੀ ਚਤਰ ਸਿੰਘ ਅਤੇ ਸ਼ੇਰ ਸਿੰਘ ਅਟਾਰੀਵਾਲਾ ਦਾ ਸਾਥ ਦਿੱਤਾ। ਸਿੱਖ ਬੜੀ ਬਹਾਦੁਰੀ ਨਾਲ ਲੜੇ। ਪਰ ਅੰਤ ਵਿੱਚ ਅੰਗਰੇਜਾਂ ਦੀ ਗਿਣਤੀ ਜਿਆਦਾ ਹੋਣ ਕਾਰਣ ਸਿੱਖਾਂ ਦੀ ਹਾਰ ਹੋਈ।

ਪ੍ਰਸ਼ਨ 7. ਦੂਜੇ ਐਂਗਲੋ ਸਿੱਖ ਯੁੱਧ ਦੇ ਸਿੱਟੇ ਲਿਖੋ।

ਉੱਤਰ-

- ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ।
- ਪੰਜਾਬ ਰਾਜ ਨੂੰ ਅੰਗਰੇਜੀ ਸਾਮਰਾਜ ਵਿੱਚ ਸ਼ਾਮਿਲ ਕਰ ਦਿੱਤਾ ਗਿਆ।
- ਮੂਲਰਾਜ ਨੂੰ ਕਾਲੇ ਪਾਣੀ ਦੀ ਸਜ਼ਾ ਦੇ ਦਿੱਤੀ ਗਈ।

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ English and Social Studies

- ਮਹਾਰਾਜਾ ਦਲੀਪ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਸਿੰਘਾਪੁਰ ਭੇਜ ਦਿੱਤਾ ਗਿਆ।
- ਪ੍ਰਮੁੱਖ ਸਰਦਾਰਾਂ ਦੀ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਗਿਆ।
- ਖਾਲਸਾ ਸੈਨਾ ਨੂੰ ਤੋੜ ਕੇ ਬੇ-ਹਥਿਆਰ ਕਰ ਦਿੱਤਾ ਗਿਆ।
- ਰਾਜ-ਪ੍ਰਬੰਧ ਦੀਆਂ ਉੱਚੀਆਂ ਪਦਵੀਆਂ ਉੱਤੇ ਪੰਜਾਬੀਆਂ ਦੀ ਥਾਂ ਅੰਗਰੇਜਾਂ ਨੂੰ ਨਿਯੁਕਤ ਕੀਤਾ ਗਿਆ।
- ਅੰਗਰੇਜਾਂ ਨੇ ਉੱਤਰ ਪੱਛਮੀ ਸਰਹਦਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਸੜ੍ਹਕਾਂ ਅਤੇ ਛਾਉਣੀ ਦਾ ਨਿਰਮਾਣ ਕੀਤਾ।
- ਅੰਗਰੇਜਾਂ ਨੇ ਪੰਜਾਬ ਦੀਆਂ ਦੇਸੀ ਰਿਆਸਤਾਂ ਨਾਲ ਮਿੱਤਰਤਾਪੂਰਵਕ ਸਬੰਧ ਰੱਖੇ ਕਿਉਂਕਿ ਦੂਜੇ ਐਂਗਲੋ ਸਿੱਖ ਯੁੱਧ ਵਿੱਚ ਉਹਨਾਂ ਨੇ ਅੰਗਰੇਜਾਂ ਦੀ ਸਹਾਇਤਾ ਕੀਤੀ ਸੀ। ਇਸ ਲਈ ਦੇਸੀ ਰਿਆਸਤਾਂ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਿਲ ਨਾ ਕਰਨ ਦਾ ਫੈਸਲਾ ਕੀਤਾ ਗਿਆ।

ਪ੍ਰਸ਼ਨ 8: ਅੰਗਰੇਜਾਂ ਨੇ ਪੰਜਾਬ ਉੱਤੇ ਕਬਜ਼ਾ ਕਿਵੇਂ ਕੀਤਾ ?

ਉੱਤਰ-

- ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਹੀ ਅੰਗਰੇਜਾਂ ਨੇ ਪੰਜਾਬ ਤੇ ਕਬਜਾ ਕਰਨ ਲਈ ਕੋਸ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।
- ਮਹਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਅਰਾਜਕਤਾ ਫੈਲ ਗਈ। ਅੰਗਰੇਜਾਂ ਨੇ ਇਸ ਗੱਲ ਦਾ ਪੂਰਾ ਫਾਇਦਾ ਚੁੱਕਿਆ।
- ਪਹਿਲੇ ਐਂਗਲੋ-ਸਿੱਖ ਯੁੱਧ ਵਿਚ ਲਾਲ ਸਿੰਘ ਅਤੇ ਤੇਜਾ ਸਿੰਘ ਸਿੱਖ ਸਰਦਾਰਾਂ ਨੂੰ ਆਪਣੇ ਨਾਲ ਮਿਲਾ ਕੇ ਸਿੱਖ ਸੈਨਾ ਨੂੰ ਕਮਜੋਰ ਕੀਤਾ।
- ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਅਦ ਪੰਜਾਬ ਨੂੰ ਕਬਜੇ ਵਿਚ ਨਾ ਲਿੱਤਾ। ਬਲਕਿ ਬੜੀ ਹੀ ਚਲਾਕੀ ਨਾਲ ਲਾਹੌਰ ਅਤੇ ਭੈਰੋਂਵਾਲ ਦੀ ਸੰਧੀਆਂ ਰਾਹੀਂ ਪੰਜਾਬ ਨੂੰ ਰਾਜਨੀਤਿਕ, ਆਰਥਿਕ ਅਤੇ ਸੈਨਿਕ ਪੱਖੋਂ ਕਮਜੋਰ ਕਰ ਦਿੱਤਾ।
- ਭੈਰੋਂਵਾਲ ਦੀ ਸੰਧੀ ਵਿਚ ਮਹਾਰਾਜਾ ਦਲੀਪ ਸਿੰਘ ਦੇ ਨਬਾਲਿਗ ਕਾਲ ਵਿੱਚ ਰਾਜ ਦਾ ਸ਼ਾਸਨ ਪ੍ਰਬੰਧ ਕੌਂਸਿਲ ਆਫ ਰੀਜੈਂਸੀ ਨੂੰ ਦੇ ਦਿੱਤਾ ਗਿਆ। ਅਤੇ ਰਾਣੀ ਜਿੰਦਾ ਨੂੰ ਰਾਜ ਤੋਂ ਵੱਖ ਕਰ ਦਿੱਤਾ।
- ਪਰ ਦੂਜੇ ਐਂਗਲੋ ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ।
- ਮੂਲਰਾਜ ਅਤੇ ਹੋਰ ਵਿਦਰੋਹੀ ਸਰਦਾਰ ਨੂੰ ਸਜ਼ਾਵਾਂ ਦਿੱਤੀਆਂ ਗਾਈਆਂ।
- ਖਾਲਸਾ ਸੈਨਾ ਨੂੰ ਤੋੜ ਕੇ ਬੇ-ਹਥਿਆਰ ਕਰ ਦਿੱਤਾ ਗਿਆ।
- ਮਹਾਰਾਜਾ ਦਲੀਪ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਸਿੰਘਾਪੁਰ ਭੇਜ ਦਿੱਤਾ ਗਿਆ।
- ਇਸ ਤਰ੍ਹਾਂ ਪੰਜਾਬ ਰਾਜ ਨੂੰ ਅੰਗਰੇਜੀ ਸਾਮਰਾਜ ਵਿੱਚ ਸ਼ਾਮਿਲ ਕਰ ਦਿੱਤਾ ਗਿਆ।

****

ਇਤਿਹਾਸ

ਪਾਠ - 9 ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ

ਪ੍ਰਸ਼ਨ 3. ਸ੍ਰੀ ਸਤਗੁਰੂ ਰਾਮ ਸਿੰਘ ਦੀਆਂ ਕਿਹੜੀਆਂ ਗਤੀਵਿਧਿਆਂ ਤੋਂ ਅੰਗਰੇਜਾਂ ਨੂੰ ਡਰ ਲੱਗਾ ?

ਉੱਤਰ-

- ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਮੇਸ਼ਾਂ ਆਪਣੇ ਨਾਲ ਘੋੜ ਸਵਾਰਾਂ ਦੀ ਟੋਲੀ ਰੱਖਦੇ।
- ਉਹਨਾਂ ਨੇ ਆਪਣਾ ਡਾਕ ਪ੍ਰਬੰਧ ਵੀ ਸ਼ੁਰੂ ਕੀਤਾ।
- ਪ੍ਰਚਾਰ ਦੀ ਸਹੂਲਤ ਲਈ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹੋਇਆ ਸੀ।
- ਨਾਮਧਾਰੀਆਂ/ਕੂਕਿਆਂ ਨੇ ਆਪਣੇ ਸਬੰਧ ਕਸ਼ਮੀਰ, ਨੇਪਾਲ, ਰੂਸ ਅਫਗਾਨਿਸਤਾਨ ਦੇ ਹਾਕਮਾਂ ਨਾਲ ਜੋੜ੍ਹੇ।
- ਉਹਨਾਂ ਨੇ ਕੂਕਿਆਂ ਨੂੰ ਫੌਜੀ ਸਿਖਲਾਈ ਵੀ ਦੇਣੀ ਸ਼ੁਰੂ ਕਰ ਦਿੱਤੀ।
- ਇਹਨਾਂ ਸਭ ਗੱਲਾਂ ਤੋਂ ਅੰਗਰੇਜਾਂ ਨੂੰ ਯਕੀਨ ਹੋ ਗਿਆ ਕਿ ਨਾਮਧਾਰੀ ਸਿੱਖ ਉਹਨਾਂ ਦੇ ਖਿਲਾਫ਼ ਇਕ ਦਿਨ ਅੰਦੋਲਨ ਜਰੂਰ ਕਰਨ ਗੇ।

ਪ੍ਰਸ਼ਨ 4. ਨਾਮਧਾਰੀਆਂ ਅਤੇ ਅੰਗਰੇਜਾਂ ਵਿੱਚਕਾਰ ਮਲੇਰਕੋਟਲਾ ਵਿਖੇ ਹੋਈ ਦੁਰਘਟਨਾ ਦਾ ਹਾਲ ਲਿਖੋ।

ਉੱਤਰ-

- ਲੋਕਾਂ ਦੀ ਧਾਰਮਿਕ ਭਾਵਨਾ ਨੂੰ ਭੜਕਾਉਣ ਲਈ ਅੰਗਰੇਜਾਂ ਨੇ ਥਾਂ ਥਾਂ ਬੁਚੜਖਾਨੇ ਖੋਲ ਦਿੱਤੇ।
- ਨਾਮਧਾਰੀ ਸਿੱਖਾਂ ਨੇ ਵੀ ਗਊ ਰੱਖਿਆ ਲਈ ਬੂਚੜਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ।
- ਜਨਵਰੀ 1872 ਈਸਵੀ ਨੂੰ 150 ਕੂਕਿਆਂ ਦਾ ਜੱਥਾ ਬੂਚੜਾ ਨੂੰ ਸਜ਼ਾ ਦੇਣ ਮਲੇਰਕੋਟਲਾ ਪੁੱਜਾ।
- ਇਥੇ ਅੰਗਰੇਜਾਂ ਅਤੇ ਕੂਕਿਆਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਜਿਸ ਵਿਚ ਕਈ ਕੂਕੇ ਅਤੇ ਅੰਗਰੇਜ਼ ਸੈਨਿਕ ਮਾਰੇ ਗਏ।
- ਗਿਰਫਤਾਰ ਕੀਤੇ 65 ਕੂਕਿਆਂ ਵਿਚੋਂ 39 ਨੂੰ ਤੋਪ ਨਾਲ ਉੜਾ ਦਿੱਤਾ ਗਿਆ। ਬਾਕੀ ਬਚੇ 16 ਨੂੰ ਫ਼ਰਜ਼ੀ ਮੁਕੱਦਮੇ ਚਲਾ ਕੇ ਮੌਤ ਦੀ ਸਜ਼ਾ ਦੇ ਦਿੱਤੀ।
- ਸ੍ਰੀ ਸਤਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ।

ਪ੍ਰਸ਼ਨ 5. ਆਰੀਆ ਸਮਾਜ ਦੇ ਪੰਜਾਬ ਵਿਚਲੇ ਕਾਰਜਾਂ ਦਾ ਵਰਣਨ ਕਰੋ।

ਉੱਤਰ-

- ਆਰੀਆ ਸਮਾਜ ਨੇ ਪੰਜਾਬੀਆਂ ਦੀ ਰਾਸ਼ਟਰੀ ਭਾਵਨਾ ਨੂੰ ਜਾਗ੍ਰਿਤ ਕੀਤਾ।
- ਪੰਜਾਬ ਵਿੱਚ ਸਵਦੇਸ਼ੀ ਲਹਿਰ ਨੂੰ ਉਤਸ਼ਾਹ ਦਿੱਤਾ।
- ਪੰਜਾਬ ਵਿੱਚ ਸਿੱਖਿਆ ਦਾ ਵਿਸਤਾਰ ਕਰਨ ਲਈ ਕਈ ਸਕੂਲ ਅਤੇ ਕਾਲਜ ਖੋਲੇ।
- ਸਵਾਮੀ ਦਿਆਨੰਦ ਸਰਸਵਤੀ ਨੇ ਪੰਜਾਬੀਆਂ ਦੇ ਕੌਮੀ ਜਜ਼ਬੇ ਨੂੰ ਵੀ ਜਗਾਇਆ।
- ਲਾਲਾ ਲਾਜਪਤ ਰਾਏ, ਸਰਦਾਰ ਅਜੀਤ ਸਿੰਘ ਅਤੇ ਸ਼ਰਧਾ ਨੰਦ ਵਰਗੇ ਦੇਸ਼ ਭਗਤ ਆਰੀਆ ਸਮਾਜ ਦੀ ਹੀ ਦੇਣ ਹਨ।

ਪ੍ਰਸ਼ਨ 6. ਗਦਰ ਪਾਰਟੀ ਨੇ ਪੰਜਾਬ ਵਿੱਚ ਆਜ਼ਾਦੀ ਲਈ ਕੀ ਕੀ ਯਤਨ ਕੀਤੇ ?

ਉੱਤਰ-

- ਭਾਰਤ ਵਿਚ ਗਦਰ ਪਾਰਟੀ ਦੀ ਅਗਵਾਹੀ ਰਾਸ ਬਿਹਾਰੀ ਬੋਸ ਨੇ ਕੀਤੀ।
- ਰਾਸ ਬਿਹਾਰੀ ਬੋਸ ਨੇ ਪੰਜਾਬ ਦੀਆਂ ਕਈ ਛਾਉਣੀਆਂ ਵਿੱਚ ਫੌਜੀਆਂ ਨੂੰ ਬਗਾਵਤ ਲਈ ਤਿਆਰ ਕਰਨ ਲਈ ਪ੍ਰਚਾਰਕ ਭੇਜੇ।
- ਕਰਤਾਰ ਸਿੰਘ ਸਰਾਭਾ ਨੇ 'ਗਦਰ ਗੂੰਜ' ਨਾਮਕ ਰਸਾਲਾ ਛਾਪਿਆ, ਜਿਸ ਰਾਹੀਂ ਨੌਜਵਾਨਾ ਨੂੰ ਗਦਰ ਲਹਿਰ ਦੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਜੋੜਿਆ ਜਾਂਦਾ ਸੀ।
- ਆਜ਼ਾਦ ਭਾਰਤ ਲਈ ਇੱਕ ਝੰਡਾ ਵੀ ਤਿਆਰ ਕੀਤਾ ਗਿਆ ਜਿਸਨੂੰ ਕਰਤਾਰ ਸਿੰਘ ਸਰਾਭਾ ਨੇ ਹੀ ਹਰ ਥਾਂ ਤੇ ਵੰਡਿਆ।
- 21 ਫ਼ਰਵਰੀ 1915 ਈਸਵੀ ਦਾ ਦਿਨ ਬਗਾਵਤ ਲਈ ਨਿਸ਼ਚਿਤ ਕੀਤਾ ਗਿਆ। ਪਰ ਅੰਮ੍ਰਿਤਸਰ ਦੇ ਇੱਕ ਸਿਪਾਹੀ ਕਿਰਪਾਲ ਸਿੰਘ ਨੇ ਧੋਖਾ ਦੇ ਦਿੱਤਾ ਅਤੇ ਅੰਗਰੇਜ ਸਰਕਾਰ ਨੇ ਇਸ ਬਗਾਵਤ ਨੂੰ ਹੋਣ ਤੋਂ ਪਹਿਲਾਂ ਹੀ ਦਬਾ ਦਿੱਤਾ।

English and Social Studies

ਪ੍ਰਸ਼ਨ 7. ਬਾਬਾ ਗੁਰਦਿੱਤ ਸਿੰਘ ਨੇ ਕੈਨੇਡਾ ਜਾਣ ਵਾਲੇ ਲੋਕਾਂ ਲਈ ਕੀ ਕੀ ਕੰਮ ਕੀਤੇ ?

ਉੱਤਰ-

- ਪੰਜਾਬ ਦੇ ਕਈ ਲੋਕ ਰੋਜ਼ੀ ਰੋਟੀ ਕਮਾਉਣ ਲਈ ਬਾਹਰ ਜਾਣ ਲਗ ਪਏ ਸਨ।
- ਕਨੈਡਾ ਸਰਕਾਰ ਨੇ ਭਾਰਤੀਆਂ ਦੇ ਕਨੈਡਾ ਆਉਣ ਤੇ ਰੋਕ ਲਗਾ ਦਿੱਤੀ ਸੀ।
- ਪਰ ਕਨੈਡਾ ਦੀ ਹਾਈ ਕੋਰਟ ਨੇ ਇਸ ਪਾਬੰਦੀ ਨੂੰ ਹਟਾ ਦਿੱਤਾ।
- ਪਰ ਅਜੇ ਵੀ ਕੋਈ ਵੀ ਜਹਾਜ ਭਾਰਤੀਆਂ ਨੂੰ ਕਨੈਡਾ ਲਿਜਾਉਣ ਲਈ ਤਿਆਰ ਨਹੀਂ ਸੀ।
- 1913 ਵਿੱਚ ਅੰਮ੍ਰਿਤਸਰ ਦੇ ਬਾਬਾ ਗੁਰਦਿੱਤ ਸਿੰਘ ਨੇ "ਕਾਮਾਗਾਟਾਮਾਰੂ" ਨਾਂ ਦਾ ਇੱਕ ਜਹਾਜ ਕਿਰਾਏ ਤੇ ਲਿਆ ਅਤੇ ਕੈਨਡਾ ਜਾਣ ਦੇ ਇੱਛੁਕ ਲੋਕਾਂ ਨੂੰ ਕਨੈਡਾ ਲਿਜਾਣ ਦੀ ਕੋਸ਼ਿਸ਼ ਕੀਤੀ।

ਪ੍ਰਸ਼ਨ 8. ਜਲ੍ਹਿਆਂਵਾਲਾ ਬਾਗ ਦੀ ਦੁਰਘਟਨਾ ਦੇ ਕੀ ਕਾਰਣ ਸਨ ?

ਉੱਤਰ- ਦੁਰਘਟਨਾ ਦੇ ਕੀ ਕਾਰਣ:

- 1919 ਨੂੰ ਅੰਗਰੇਜ਼ ਸਰਕਾਰ ਨੇ ਰੌਲਟ ਬਿਲ ਪਾਸ ਕੀਤਾ ਗਿਆ।
- ਇਸ ਬਿਲ ਅਨੁਸਾਰ ਪੁਲਿਸ ਅਤੇ ਮੈਜਿਸਟ੍ਰੇਟਾਂ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਗਈਆਂ।
- ਇਸ ਲਈ ਇਸ ਬਿੱਲ ਦੇ ਵਿਰੋਧ ਵਿੱਚ ਕਈ ਸਥਾਨਾਂ ਤੇ ਹੜਤਾਲਾਂ ਹੋਣੀਆਂ ਸ਼ੁਰੂ ਹੋ ਗਈਆਂ।
- ਹਲਾਤ ਤੇ ਕਾਬੂ ਪਾਉਣ ਲਈ ਅੰਗਰੇਜ ਸਰਕਾਰ ਨੇ ਦੋ ਪ੍ਰਸਿੱਧ ਨੇਤਾ ਡਾ. ਸਤਪਾਲ ਅਤੇ ਡਾ. ਕਿਚਲੂ ਨੂੰ ਗਿਰਫਤਾਰ ਕਰ ਲਿਆ।
- ਭੜਕੇ ਹੋਏ ਲੋਕਾਂ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਹੜਤਾਲ ਕਰ ਦਿੱਤੀ ਪਰ ਸੈਨਿਕਾਂ ਨੇ ਲੋਕਾਂ ਦੇ ਹਜੂਮ ਉੱਤੇ ਗੋਲ੍ਹੀ ਚਲ੍ਹਾ ਦਿੱਤੀ। ਜਿਸ ਵਿਚ ਕਈ ਲੋਗ ਮਰ ਗਏ।
- ਇਹਨਾਂ ਸਾਰੀਆਂ ਘਟਨਾਵਾਂ ਦੇ ਵਿਰੋਧ ਵਿਚ ਅੰਮ੍ਰਿਤਸਰ ਦੇ ਜਲਿਆਂਵਾਲੇ ਬਾਗ ਵਿਚ ਇਕ ਆਮ ਸਭਾ ਹੋਈ , ਜਿਥੇ ਲੋਕਾਂ ਦਾ ਕਤਲੇਆਮ ਹੋਇਆ।

ਪ੍ਰਸ਼ਨ 9. ਸਰਦਾਰ ਉੂਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ ਦੁਰਘਟਨਾ ਦਾ ਬਦਲਾ ਕਿਵੇਂ ਲਿਆ ?

ਉੱਤਰ-

- ਸਰਦਾਰ ਉੂਧਮ ਸਿੰਘ ਇੱਕ ਸੱਚਾ ਦੇਸ਼ ਭਗਤ ਸੀ।
- ਜਲ੍ਹਿਆਂਵਾਲਾ ਬਾਗ ਦੁਰਘਟਨਾ ਨੇ ਉੂਧਮ ਸਿੰਘ ਨੂੰ ਇਸਦਾ ਬਦਲਾ ਲੈਣ ਲਈ ਬੇਚੈਨ ਕਰ ਦਿੱਤਾ।
- ਉਸਨੂੰ ਇਹ ਮੌਕਾ 21 ਸਾਲ ਬਾਅਦ ਇੰਗਲੈਂਡ ਵਿੱਚ ਮਿਲਿਆ।
- ਉਸਨੇ ਸਰ ਮਾਇਕਲ ਉਡਵਾਇਰ ਨੂੰ ਗੋਲ੍ਹੀ ਨਾਲ ਉਡਾ ਕੇ ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਦਾ ਬਦਲਾ ਲਿਆ।

ਪ੍ਰਸ਼ਨ 10. ਖਿਲਾਫਤ ਲਹਿਰ ਉੱਤੇ ਨੋਟ ਲਿਖੋ।

ਉੱਤਰ-

- ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਅੰਗਰੇਜਾਂ ਨੇ ਤੁਰਕੀ ਦੇ ਖਲੀਫ਼ਾ ਨੂੰ ਗੱਦੀ ਤੋਂ ਉਤਰ ਦਿੱਤਾ।
- ਸਾਰੀ ਦੁਨੀਆਂ ਦੇ ਮੁਸਲਮਾਨਾਂ ਦੀਆਂ ਭਾਵਨਾਵਾਂ ਖਲੀਫ਼ਾ ਨਾਲ ਜੁੜੀਆਂ ਹੋਈਆਂ ਸਨ। ਇਸ ਲਈ ਦੁਨੀਆਂਭਰ ਵਿੱਚ ਮੁਸਲਮਾਨ ਅੰਗਰੇਜਾਂ ਦੇ ਵਿਰੁੱਧ ਖੜੇ ਹੋ ਗਏ।
- 1920 ਈਸਵੀ ਵਿੱਚ ਪੰਜਾਬ ਦੇ ਮੁਸਲਮਾਨਾਂ ਨੇ ਵੀ ਖਿਲਾਫਤ ਅੰਦੋਲਨ ਸ਼ੁਰੂ ਕਰ ਦਿੱਤਾ।
- ਅੰਗਰੇਜਾਂ ਨੂੰ ਮਿਲਵਰਤਨ ਨਾ ਦੇਣ ਦਾ ਪ੍ਰਣ ਲਿਆ ਗਿਆ ਅਤੇ ਇਸਨੂੰ ਆਜ਼ਾਦੀ ਦੀ ਲੜਾਈ ਨਾਲ ਜੋੜ ਦਿੱਤਾ ਗਿਆ।

ਪ੍ਰਸ਼ਨ 12. ਬੱਬਰਾਂ ਦੀਆਂ ਗਤੀਵਿਧੀਆਂ ਬਾਰੇ ਸੰਖੇਪ ਵਿੱਚ ਬਿਆਨ ਕਰੋ।

ਉੱਤਰ- ਬੱਬਰਾਂ ਦੀਆਂ ਗਤੀਵਿਧੀਆਂ:

- ਬੱਬਰ ਅਕਾਲੀਆਂ ਦਾ ਮੁੱਖ ਉਦੇਸ਼ ਮੁਖਬਰਾਂ ਅਤੇ ਸਰਕਾਰੀ ਪਿੱਠੂਆਂ ਦਾ ਅੰਤ ਕਰਨਾ ਸੀ।
- ਬੱਬਰਾਂ ਦੀ ਭਾਸ਼ਾ ਵਿੱਚ ਇਸਨੂੰ 'ਸੁਧਾਰ ਕਰਨਾ' ਕਹਿੰਦੇ ਸਨ।

English and Social Studies

- ਹਥਿਆਰਾਂ ਦੀ ਲੋੜ ਨੂੰ ਪੂਰਾ ਕਰਨ ਲਈ ਉਹਨਾਂ ਨੇ ਸਰਕਾਰੀ ਪਿੱਠੂਆਂ ਤੋਂ ਧਨ ਅਤੇ ਹਥਿਆਰ ਲੁੱਟੇ।
- ਉਹਨਾਂ ਨੇ ਪੰਜਾਬੀ ਫੌਜੀਆਂ ਨੂੰ ਆਜ਼ਾਦੀ ਦੇ ਕੰਮ ਵਿੱਚ ਹਿੱਸਾ ਲੈਣ ਲਈ ਕਿਹਾ।
- ਉਹਨਾਂ ਨੇ ਕਈ ਸਰਕਾਰੀ ਪਿੱਠੂਆਂ ਨੂੰ ਮੌਤ ਦੇ ਘਾਟ ਉਤਰ ਦਿੱਤਾ।
- ਅੰਗਰੇਜ ਸਰਕਾਰ ਨੇ ਇਸ ਲਹਿਰ ਨੂੰ ਦਬਾਉਣ ਲਈ ਕਈ ਬੱਬਰ ਅਕਾਲੀਆਂ ਨੂੰ ਫੜਕੇ ਜੇਲ੍ਹ ਵਿੱਚ ਪਾ ਦਿੱਤਾ ਅਤੇ ਕਈਆਂ ਨੂੰ ਮਾਰ ਦਿੱਤਾ।
- ਭਾਵੇਂ ਬੱਬਰ ਲਹਿਰ ਫੇਲ ਹੋ ਗਈ ਪਰ ਇਸ ਲਹਿਰ ਨੇ ਪੰਜਾਬੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਜਾਨ ਵਾਰਨਾ ਸਿਖਾ ਦਿੱਤਾ।

ਪ੍ਰਸ਼ਨ 13. ਨੌਜਵਾਨ ਭਾਰਤ ਸਭਾ ਉੱਤੇ ਨੋਟ ਲਿਖੋ।

ਉੱਤਰ-

- ਸਰਦਾਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾਂ ਕੀਤੀ।
- ਇਹ ਸੰਸਥਾ ਜਲਦੀ ਹੀ ਕ੍ਰਾਂਤੀਕਾਰੀਆਂ ਦਾ ਕੇਂਦਰ ਬਣ ਗਈ।
- ਇਸ ਸੰਸਥਾਨ ਦਾ ਉਦੇਸ਼ ਨੌਜਵਾਨਾਂ ਵਿਚ ਜਾਗ੍ਰਿਤੀ ਲਿਆਉਣਾਂ ਸੀ।
- ਇਸ ਲਈ ਇਹ ਸੰਸਥਾ ਲਾਹੌਰ ਵਿਚ ਮੀਟਿੰਗਾਂ ਕਰ ਕੇ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ ਉੱਤੇ ਬਹਿਸ ਕਰਦੀ ਸੀ।
- ਇਸ ਸਭਾ ਵਿੱਚ ਦੂਸਰੇ ਦੇਸ਼ਾਂ ਵਿਚ ਆਏ ਇਨਕਲਾਬਾਂ ਉੱਤੇ ਵਿਚਾਰ ਕੀਤਾ ਜਾਂਦਾਂ ਸੀ।

ਪ੍ਰਸ਼ਨ 14. ਸਈਮਨ ਕਮੀਸ਼ਨ ਤੇ ਇੱਕ ਨੋਟ ਲਿਖੋ।

ਉੱਤਰ-

- 1928 ਈਸਵੀ ਦੇ ਆਰੰਭ ਵਿੱਚ 7 ਮੈਂਬਰਾਂ ਦਾ ਇੱਕ ਕਮੀਸ਼ਨ ਸਰ ਜਾਨ ਸਾਈਮਨ ਦੀ ਅਗਵਾਈ ਵਿੱਚ ਭਾਰਤ ਭੇਜਿਆ ਗਿਆ।
- ਕਿਉਂਕਿ ਇਸ ਕਮੀਸ਼ਨ ਵਿੱਚ ਕੋਈ ਵੀ ਭਾਰਤੀ ਨਹੀਂ ਸੀ , ਇਸ ਲਈ ਇਸਦਾ ਬਾਈਕਾਟ ਕੀਤਾ ਗਿਆ।
- ਜਦੋ ਸਾਇਮਨ ਕਮੀਸ਼ਨ ਲਾਹੌਰ ਪੁੱਜਾ ਤਾਂ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਪੰਜਾਬੀਆਂ ਨੇ ਉਸਦਾ ਜਬਰਦਸਤ ਵਿਰੋਧ ਕੀਤਾ।
- "ਸਾਈਮਨ ਕਮੀਸ਼ਨ ਵਾਪਸ ਜਾਓ" ਦੇ ਨਾਅਰੇ ਲਗਾਏ ਗਏ।
- ਸਾਂਡਰਸ ਨੇ ਵਿਰੋਧ ਕਰ ਰਹੇ ਇਹਨਾਂ ਲੋਕਾਂ ਤੇ ਲਾਠੀਚਾਰਜ ਕਰ ਦਿੱਤਾ। ਜਿਸ ਕਾਰਣ ਕਈ ਲੋਕ ਜ਼ਖਮੀ ਹੋਏ ਅਤੇ ਲਾਲਾ ਲਾਜਪਤ ਰਾਏ ਜੀ ਸ਼ਹੀਦ ਹੋ ਗਏ।

ਪ੍ਰਸ਼ਨ 15. ਪਰਜਾ ਮੰਡਲ ਦੇ ਕੰਮਾਂ ਦਾ ਵਰਣਨ ਕਰੋ।

ਉੱਤਰ-

- ਇਸਨੇ ਕਿਸਾਨਾਂ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਉੱਪਰ ਸਭਾਵਾਂ ਵਿੱਚ ਵਿਚਾਰ ਕੀਤਾ।
- ਇਸਨੇ ਰਿਆਸਤ ਪਟਿਆਲਾ ਵਿੱਚ ਹੋ ਰਹੇ ਅਤਿਆਚਾਰਾਂ ਵਿਰੁੱਧ ਆਵਾਜ਼ ਉਠਾਈ।
- ਇਹਨਾਂ ਨੇ ਕਈ ਦੇਸ਼ ਭਗਤਾਂ ਦੇ ਸਹਿਯੋਗ ਨਾਲ ਰਿਆਸਤੀ ਹਕੂਮਤ ਅਤੇ ਅੰਗਰੇਜ ਸਾਮਰਾਜ ਦਾ ਡੱਟ ਕੇ ਵਿਰੋਧ ਕੀਤਾ।

ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 1. ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤ ਦੀ ਆਜ਼ਾਦੀ ਲਈ ਕੀ ਕੀ ਯਤਨ ਕੀਤੇ ?

ਉੱਤਰ-

- ਸ਼੍ਰੀ ਸਤਿਗੁਰਰੂ ਰਾਮ ਸਿੰਘ ਜੀ ਇੱਕ ਮਹਾਨ ਦੇਸ਼ ਭਗਤ ਸਨ।
- ਉਹਨਾਂ ਨੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਨਾਮਧਾਰੀ ਜਾਂ ਕੂਕਾ ਲਹਿਰ ਦੀ ਸ਼ੁਰੂਆਤ ਕੀਤੀ।
- ਇਸ ਲਹਿਰ ਦਾ ਉਦੇਸ਼ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਸੁਧਾਰ ਦੇ ਨਾਲ ਦੇਸ਼ ਨੂੰ ਆਜ਼ਾਦ ਕਰਵਾਉਣਾ ਵੀ ਸੀ।
- ਇਸ ਲਈ ਉਹਨਾਂ ਨੇ ਸਰਕਾਰੀ ਸੇਵਾਵਾਂ ਦਾ ਬਾਈਕਾਟ ਕੀਤਾ ਅਤੇ ਆਪਣੀਆਂ ਸੰਸਥਾਵਾਂ ਜਿਵੇਂ ਡਾਕ ਸੇਵਾ ਸ਼ੁਰੂ ਕਰ ਦਿੱਤੀ।

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਜਿਲ੍ਹਾ) English and Social Studies

- ਸ੍ਰੀ ਸਤਗੁਰੂ ਰਾਮ ਸਿੰਘ ਜੀ ਹਮੇਸ਼ਾਂ ਆਪਣੇ ਨਾਲ ਘੋੜ ਸਵਾਰਾਂ ਦੀ ਟੋਲੀ ਰੱਖਦੇ ।
- ਉਹਨਾਂ ਨੇ ਆਪਣਾ ਡਾਕ ਪ੍ਰਬੰਧ ਵੀ ਸ਼ੁਰੂ ਕੀਤਾ ।
- ਪ੍ਰਚਾਰ ਦੀ ਸਹੂਲਤ ਲਈ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹੋਇਆ ਸੀ ।
- ਨਾਮਧਾਰੀਆਂ ਨੇ (ਕੂਕਿਆਂ) ਆਪਣੇ ਸਬੰਧ ਕਸ਼ਮੀਰ, ਨੇਪਾਲ, ਰੂਸ, ਅਫਗਾਨਿਸਤਾਨ ਦੇ ਹਾਕਮਾਂ ਨਾਲ ਜੋੜ੍ਹੇ ।
- ਉਹਨਾਂ ਨੇ ਕੂਕਿਆਂ ਨੂੰ ਫੌਜੀ ਸਿਖਲਾਈ ਵੀ ਦੇਣੀ ਸ਼ੁਰੂ ਕਰ ਦਿੱਤੀ ।
- ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਗਵਾਈ ਹੇਠ ਹੀ ਮਲੇਰਕੋਟਲਾ ਵਿਖੇ ਕੂਕਿਆਂ ਨੇ ਅੰਗਰੇਜ਼ ਸੈਨਾਂ ਨਾਲ ਟੱਕਰ ਲਿੱਤੀ ਤੇ ਆਪਣੀ ਕੁਰਬਾਨੀ ਦਿੱਤੀ ।

ਪ੍ਰਸ਼ਨ 2. ਆਰਿਆ ਸਮਾਜ ਨੇ ਪੰਜਾਬ ਵਿਖੇ ਆਜ਼ਾਦੀ ਦੀ ਜੰਗ ਵਿੱਚ ਕੀ ਹਿੱਸਾ ਪਾਇਆ ?
ਉੱਤਰ -

- ਆਰਿਆ ਸਮਾਜ ਨੇ ਪੰਜਾਬੀਆਂ ਦੀ ਰਾਸ਼ਟਰੀ ਭਾਵਨਾ ਨੂੰ ਜਾਗ੍ਰਿਤ ਕੀਤਾ ।
- ਪੰਜਾਬਵਿੱਚ ਸਵਦੇਸ਼ੀ ਲਹਿਰ ਨੂੰ ਉਤਸਾਹ ਦਿੱਤਾ ।
- ਪੰਜਾਬ ਵਿੱਚ ਸਿੱਖਿਆ ਦਾ ਵਿਸਤਾਰ ਕਰਨ ਲਈ ਕਈ ਸਕੂਲ ਅਤੇ ਕਾਲਜ ਖੋਲੇ ।
- ਸਵਾਮੀ ਦਿਆਨੰਦ ਸਰਸਵਤੀ ਨੇ ਪੰਜਾਬੀਆਂ ਦੇ ਕੌਮੀ ਜਜ਼ਬੇ ਨੂੰ ਵੀ ਜਗਾਇਆ ।
- ਲਾਲਾ ਲਾਜਪਤ ਰਾਏ ,ਸਰਦਾਰ ਅਜੀਤ ਸਿੰਘ ਅਤੇ ਸ਼ਰਧਾਨੰਦ ਵਰਗੇ ਦੇਸ਼ਭਗਤ ਆਰਿਆ ਸਮਾਜ ਦੀ ਹੀ ਦੇਣ ਹਨ ।
- ਆਰਿਆ ਸਮਾਜੀਆਂ ਦੇ ਅਖਬਾਰ ਵੀ ਪੰਜਾਬ ਦੀ ਆਜ਼ਾਦੀ ਦੀ ਲਹਿਰ ਵਿੱਚ ਕੰਮ ਕਰਦੇ ਰਹੇ ।
- ਆਰਿਆ ਸਮਾਜੀਆਂ ਦੀਆਂ ਗਤੀਵਿਧੀਆਂ ਕਾਰਨ, ਅੰਗਰੇਜ ਸਰਕਾਰ ਉਹਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗੀ ।
- ਪਰ 1892 ਈ: ਵਿੱਚ ਆਰੀਆ ਸਮਾਜ 'ਕਾਲਜ ਪਾਰਟੀ' ਅਤੇ 'ਗੁਰੂਕੁਲ ਪਾਰਟੀ' ਵਿੱਚ ਵੰਡਿਆ ਗਿਆ ।
- ਕਾਲਜ ਪਾਰਟੀ ਵੇਦਾਂ ਦੇ ਨਾਲ ਨਾਲ ਪੱਛਮੀ ਵਿਗਿਆਨ ਦੀ ਸਿੱਖਿਆ ਦੇਣ ਦੇ ਹੱਕ ਵਿੱਚ ਸੀ ।
- ਜਿਸ ਕਾਰਣ ਅੰਗਰੇਜ ਸਰਕਾਰ ਅਤੇ ਆਰੀਆ ਸਮਾਜ ਵਿੱਚਕਾਰ ਪਾੜ੍ਹਾ ਖਤਮ ਹੋ ਗਿਆ ।

ਪ੍ਰਸ਼ਨ 3. ਗਦਰ ਪਾਰਟੀ ਨੇ ਆਜ਼ਾਦੀ ਦੀ ਜੰਗ ਲਈ ਕੀ ਕੀ ਯਤਨ ਕੀਤੇ ?
ਉੱਤਰ -

- ਭਾਰਤ ਤੋਂ ਬਾਹਰ ਗਏ ਪੰਜਾਬੀਆਂ ਨੇ ਬਾਹਰ ਰਹਿ ਕੇ ਵੀ ਦੇਸ਼ ਦੀ ਆਜ਼ਾਦੀ ਲਈ ਯਤਨ ਕੀਤੇ । ਇਸ ਵਿੱਚੋਂ ਇੱਕ ਯਤਨ ਗਦਰ ਅੰਦੋਲਨ ਵੀ ਸੀ ।
- ਗਦਰ ਪਾਰਟੀ ਦਾ ਜਨਮ 1913 ਈ: ਵਿੱਚ ਅਮਰੀਕਾ ਵਿਖੇ ਹੋਇਆ ।
- ਇਸ ਸੰਸਥਾ ਦਾ ਮੁੱਖ ਉਦੇਸ਼ ਹਥਿਆਰਬੰਦ ਬਗਾਵਤ ਰਾਹੀਂ ਭਾਰਤ ਨੂੰ ਆਜ਼ਾਦ ਕਰਾਉਣ ਸੀ ।
- ਭਾਰਤ ਵਿਚ ਗਦਰ ਪਾਰਟੀ ਦੀ ਅਗਵਾਹੀ ਰਾਸ ਬਿਹਾਰੀ ਬੋਸ ਨੇ ਕੀਤੀ ।
- ਰਾਸ ਬਿਹਾਰੀ ਬੋਸ ਨੇ ਪੰਜਾਬ ਦੀਆਂ ਕਈ ਛਾਉਣੀਆਂ ਵਿੱਚ ਫੌਜੀਆਂ ਨੂੰ ਬਗਾਵਤ ਲਈ ਤਿਆਰ ਕਰਨ ਲਈ ਪ੍ਰਚਾਰਕ ਭੇਜੇ ।
- ਕਰਤਾਰ ਸਿੰਘ ਸਰਾਭਾ ਨੇ 'ਗਦਰ ਗੂੰਜ' ਨਾਮਕ ਰਸਾਲਾ ਛਾਪਿਆ, ਜਿਸ ਰਾਹੀਂ ਨੌਜਵਾਨਾ ਨੂੰ ਗਦਰ ਲਹਿਰ ਦੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਜੋੜਿਆ ਜਾਂਦਾ ਸੀ ।
- ਆਜ਼ਾਦ ਭਾਰਤ ਲਈ ਇੱਕ ਝੰਡਾ ਵੀ ਤਿਆਰ ਕੀਤਾ ਗਿਆ ਜਿਸਨੂੰ ਕਰਤਾਰ ਸਿੰਘ ਸਰਾਭਾ ਨੇ ਹੀ ਹਰ ਥਾਂ ਤੇ ਵੰਡਿਆ ।
- 21ਫ਼ਰਵਰੀ 1915 ਈਸਵੀ ਦਾ ਦਿਨ ਬਗਾਵਤ ਲਈ ਨਿਸ਼ਚਿਤ ਕੀਤਾ ਗਿਆ । ਪਰ ਅੰਮ੍ਰਿਤਸਰ ਦੇ ਇੱਕ ਸਿਪਾਹੀ ਕਿਰਪਾਲ ਸਿੰਘ ਨੇ ਧੋਖਾ ਦੇ ਦਿੱਤਾ ਅਤੇ ਅੰਗਰੇਜ ਸਰਕਾਰ ਨੇ ਇਸ ਬਗਾਵਤ ਨੂੰ ਹੋਣ ਤੋਂ ਪਹਿਲਾਂ ਹੀ ਦਬਾ ਦਿੱਤਾ ।

ਪ੍ਰਸ਼ਨ 4 ਕਾਮਾਗਾਟਾਮਾਰੂ ਜਹਾਜ਼ ਦੀ ਦੁਰਘਟਨਾ ਦਾ ਹਾਲ ਲਿਖੋ ।
ਉੱਤਰ -

- ਪੰਜਾਬ ਦੇ ਕਈ ਲੋਕ ਰੋਜ਼ੀ ਰੋਟੀ ਕਮਾਉਣ ਲਈ ਬਾਹਰ ਜਾਣ ਲਗ ਪਏ ਸਨ ।
- ਕਨੇਡਾ ਸਰਕਾਰ ਨੇ ਭਾਰਤੀਆਂ ਦੇ ਕਨੇਡਾ ਆਉਣ ਤੇ ਰੋਕ ਲਗਾ ਦਿੱਤੀ ਸੀ ।
- ਪਰ ਕਨੇਡਾ ਦੀ ਹਾਈ ਕੋਰਟ ਨੇ ਇਸ ਪਾਬੰਦੀ ਨੂੰ ਹਟਾ ਦਿੱਤਾ ।

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ English and Social Studies

- ਪਰ ਅਜੇ ਵੀ ਕੋਈ ਵੀ ਜਹਾਜ ਭਾਰਤੀਆਂ ਨੂੰ ਕਨੇਡਾ ਲਿਜਾਉਣ ਲਈ ਤਿਆਰ ਨਹੀਂ ਸੀ।
- 1913 ਵਿੱਚ ਅੰਮ੍ਰਿਤਸਰ ਦੇ ਬਾਬਾ ਗੁਰਦਿੱਤ ਸਿੰਘ ਨੇ "ਕਾਮਾਗਾਟਾਮਾਰੂ" ਨਾਂ ਦਾ ਇੱਕ ਜਹਾਜ ਕਿਰਾਏ ਤੇ ਲਿਆ ਅਤੇ ਕਨੇਡਾ ਜਾਣ ਦੇ ਇੱਛੁਕ ਲੋਕਾਂ ਨੂੰ ਕਨੇਡਾ ਲਿਜਾਣ ਦੀ ਕੋਸ਼ਿਸ਼ ਕੀਤੀ।
- ਪਰ ਇਸ ਜਹਾਜ ਦੇ ਲੋਕਾਂ ਨੂੰ ਕਨੇਡਾ ਨਹੀਂ ਉਤਰਨ ਦਿੱਤਾ ਗਿਆ ਅਤੇ ਇਹ ਜਹਾਜ ਵਾਪਸ ਜਾਣ ਲਈ ਮਜਬੂਰ ਹੋ ਗਿਆ।
- ਪਰ ਇਸ ਜਹਾਜ ਦੇ ਭਾਰਤ ਪਰਤਦੇ ਹੀ ਅੰਗਰੇਜ ਸਰਕਾਰ ਨੇ ਇਸਦੇ ਯਾਤਰੀਆਂ ਨੂੰ ਪੰਜਾਬ ਜਾਣ ਲਈ ਕਿਹਾ।
- ਪਰ ਸ਼ਾਮ ਨੂੰ ਰੇਲਵੇ ਸਟੇਸ਼ਨ ਤੇ ਬੈਠੇ ਪੰਜਾਬੀਆਂ ਉੱਤੇ ਗੋਲੀ ਚਲਾ ਦਿੱਤੀ। ਸਿੱਟੇ ਵਜੋਂ 40 ਬੰਦੇ ਸ਼ਹੀਦ ਅਤੇ ਬਹੁਤ ਸਾਰੇ ਜ਼ਖਮੀ ਹੋ ਗਏ।
- ਬਾਬਾ ਗੁਰਦਿੱਤ ਸਿੰਘ ਨੂੰ ਪੰਜ ਸਾਲ ਦੀ ਜੇਲ੍ਹ ਹੋ ਗਈ।

ਪ੍ਰਸ਼ਨ 5. ਜਲ੍ਹਿਆਂਵਾਲਾ ਬਾਗ ਦੀ ਦੁਰਘਟਨਾ ਦਾ ਵਰਣਨ ਕਰੋ।

ਉੱਤਰ-

<u>ਦੁਰਘਟਨਾ ਦੇ ਕੀ ਕਾਰਣ</u>:

- 1919 ਨੂੰ ਅੰਗਰੇਜ਼ ਸਰਕਾਰ ਨੇ ਰੌਲਟ ਬਿਲ ਪਾਸ ਕੀਤਾ ਗਿਆ।
- ਇਸ ਬਿਲ ਅਨੁਸਾਰ ਪੁਲਿਸ ਅਤੇ ਮੈਜਿਸਟ੍ਰੇਟਾਂ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਗਈਆਂ।
- ਇਸ ਲਈ ਇਸ ਬਿੱਲ ਦੇ ਵਿਰੋਧ ਵਿੱਚ ਕਈ ਸਥਾਨਾਂ ਤੇ ਹੜਤਾਲਾਂ ਹੋਣੀਆਂ ਸ਼ੁਰੂ ਹੋ ਗਈਆਂ।
- ਹਲਾਤ ਤੇ ਕਾਬੂ ਪਾਉਣ ਲਈ ਅੰਗਰੇਜ ਸਰਕਾਰ ਨੇ ਦੋ ਪ੍ਰਸਿੱਧ ਨੇਤਾ ਡਾ. ਸਤਪਾਲ ਅਤੇ ਡਾ. ਕਿਚਲੂ ਨੂੰ ਗਿਰਫਤਾਰ ਕਰ ਲਿਆ।
- ਭੜਕੇ ਹੋਏ ਲੋਕਾਂ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਹੜਤਾਲ ਕਰ ਦਿੱਤੀ ਪਰ ਸੈਨਿਕਾਂ ਨੇ ਲੋਕਾਂ ਦੇ ਹਜੂਮ ਉੱਤੇ ਗੋਲ੍ਹੀ ਚਲ੍ਹਾ ਦਿੱਤੀ। ਜਿਸ ਵਿਚ ਕਈ ਲੋਗ ਮਰ ਗਏ।
- ਇਹਨਾਂ ਘਟਨਾਵਾਂ ਦੇ ਵਿਰੋਧ ਵਿਚ ਅੰਮ੍ਰਿਤਸਰ ਦੇ ਜਲਿਆਂਵਾਲੇ ਬਾਗ ਵਿਚ ਇਕ ਆਮ ਸਭਾ ਹੋਈ।

<u>ਜਲ੍ਹਿਆਂਵਾਲਾ ਬਾਗ ਵਿਖੇ ਹੱਤਿਆਕਾਂਡ</u> :

- ਅਸ਼ਾਂਤੀ ਅਤੇ ਕ੍ਰੋਧ ਦੇ ਵਾਤਾਵਰਣ ਵਿੱਚ 13 ਅਪ੍ਰੈਲ 1919 ਈ: ਨੂੰ ਵੈਸਾਖੀ ਵਾਲੇ ਦਿਨ ਜਲ੍ਹਿਆਂਵਾਲਾ ਬਾਗ ਵਿੱਚ 25 ਹਜ਼ਾਰ ਲੋਕ ਜਲਸਾ ਕਰਨ ਲਈ ਇਕੱਠੇ ਹੋਏ।
- ਲੋਕਾਂ ਨੂੰ ਸਵੇਰੇ ਹੀ ਲਗਾਏ ਗਾਏ ਕਰਫੂ ਦੇ ਐਲਾਨ ਬਾਰੇ ਪਤਾ ਨਹੀਂ ਸੀ।
- ਇਸ ਲਈ ਜਨਰਲ ਡਾਇਰ 150 ਸੈਨਿਕਾਂ ਸਮੇਤ ਜਲ੍ਹਿਆਂਵਾਲਾ ਬਾਗ ਪੁੱਜਾ। ਬਾਗ ਦੇ ਇੱਕੋ ਇੱਕ ਰਸਤੇ ਅੱਗੇ ਖੜ੍ਹੇ ਹੋ ਕੇ ਉਸਨੇ ਤਿੰਨ ਮਿੰਟ ਦੇ ਅੰਦਰ ਅੰਦਰ ਭੀੜ੍ਹ ਨੂੰ ਤਿੱਤਰ ਬਿੱਤਰ ਹੋਣ ਦਾ ਹੁਕਮ ਦੇ ਦਿੱਤਾ, ਜੋ ਕਿ ਅਸੰਭਵ ਸੀ।
- ਤਿੰਨ ਮਿੰਟ ਮਗਰੋਂ ਉਸ ਨੇ ਗੋਲ੍ਹੀ ਚਲਾਉਣ ਦਾ ਹੁਕਮ ਦੇ ਦਿੱਤਾ ਜਿਸ ਕਾਰਣ ਲਗਭਗ ਇੱਕ ਹਜ਼ਾਰ ਲੋਕ ਮਾਰੇ ਗਏ ਅਤੇ ਤਿਨੰ ਹਜ਼ਾਰ ਤੋਂ ਵੱਧ ਜ਼ਖਮੀ ਹੋ ਗਏ।
- ਇਸ ਘਟਨਾ ਦਾ ਬਦਲਾ ਸਰਦਾਰ ਉਧਮ ਸਿੰਘ ਨੇ 21 ਸਾਲਾਂ ਬਾਅਦ ਇੰਗਲੈਂਡ ਵਿੱਚ ਸਰ ਮਾਈਕਲ ਓਡਵਾਇਰ ਨੂੰ ਗੋਲੀ ਨਾਲ ਮਾਰ ਕੇ ਲਿਆ।

ਪ੍ਰਸ਼ਨ 6. ਅਕਾਲੀ ਲਹਿਰ ਨੇ ਆਜ਼ਾਦੀ ਦੀ ਜੰਗ ਵਿੱਚ ਕੀ ਯੋਗਦਾਨ ਪਾਇਆ ?

ਉੱਤਰ-

- 1920 ਈ: ਵਿਚ ਅਕਾਲੀ ਲਹਿਰ ਲਈ ਹੋਂਦ ਵਿਚ ਆਈ।
- ਇਸ ਦਾ ਮੁੱਖ ਮੰਤਵ ਗੁਰਦਵਾਰਿਆਂ ਦਾ ਸੁਧਾਰ ਕਰਨਾਂ ਸੀ ਅਤੇ ਅੰਗਰੇਜ਼ ਪੱਖੀ ਅਨੈਤਿਕ ਮਹੰਤਾਂ ਤੋਂ ਗੁਰਦਵਾਰਿਆਂ ਨੂੰ ਖਾਲੀ ਕਰਵਾਉਣ ਸੀ।
- ਅਕਾਲੀਆਂ ਦੀ ਅਗਵਾਈ ਹੇਠ ਗੁਰਦਵਾਰਿਆਂ ਤੋਂ ਲਾਲਚੀ ਮਹੰਤਾਂ ਅਤੇ ਅੰਗਰੇਜਾਂ ਨੂੰ ਉਖਾੜਨ ਲਈ, ਮੋਰਚੇ ਲਗਾਏ ਗਏ।
- ਦਰਬਾਰ ਸਾਹਿਬ ਦੀ ਗੋਲਕ ਦੀਆਂ ਚਾਬੀਆਂ ਅੰਗਰੇਜਾਂ ਦੇ ਕਬਜ਼ੇ ਤੋਂ ਵਾਪਿਸ ਲੈਣ ਲਈ ਅਕਾਲੀ ਲਹਿਰ ਦੇ ਬਹੁਤ ਸਾਰੇ ਨੇਤਾ ਨੇ ਗਿਰਫ਼ਤਾਰੀਆਂ ਦਿੱਤੀਆਂ।
- ਗੁਰੂ ਕਾ ਬਾਗ ਮੋਰਚੇ ਵਿੱਚ ਵੀ ਅਕਾਲੀਆਂ ਨੇ ਕਈ ਸਿੱਖ ਜੱਥੇ ਭੇਜੇ।
- ਬੱਬਰ ਅਕਾਲੀ ਲਹਿਰ ਵੀ ਦਾ ਜਨਮ ਵੀ ਗੁਰਦਵਾਰਿਆਂ ਵਿਚ ਬੈਠੇ ਮਹੰਤਾਂ ਅਤੇ ਪੁਲਿਸ ਨਾਲ ਮੁਕਾਬਲਾ ਕਰਨ ਲਈ ਹੋਇਆ।
- ਪਰ ਇਹ ਹਥਿਆਰਬੰਦ ਤਰੀਕੇ ਨਾਲ ਇਹ ਕੰਮ ਕਰਦੇ ਸਨ।

English and Social Studies

- ਜੈਤੋਂ ਗੁਰਦਵਾਰੇ ਤੇ ਅੰਗਰੇਜਾਂ ਦੇ ਕਬਜਾ ਕਰ ਲੈਣ ਤੇ ਵੀ ਸਿੰਘਾਂ ਨੇ ਮੋਰਚਾ ਲਗਾ ਦਿੱਤਾ।
- ਸਿੰਘਾ ਦੇ ਕਈ ਜੱਥੇ ਲਗਾਤਾਰ 2 ਸਾਲ ਅੰਗਰੇਜ਼ ਸੈਨਾ ਦੇ ਜੁਲਮ ਸਹਿੰਦੇ ਰਹੇ ਅਤੇ ਕੁਰਬਾਨੀਆਂ ਕਰਦੇ ਰਹੇ।
- ਅੰਤ ਵਿੱਚ ਅੰਗਰੇਜਾਂ ਨੂੰ ਗੁਰਦੁਆਰੇ ਤੋਂ ਪਹਿਰਾ ਹਟਾਉਣ ਪਿਆ ਅਤੇ 1925 ਈ: ਨੂੰ ਗੁਰਦੁਆਰਾ ਐਕਟ ਬਣਾਇਆ ਗਿਆ।

ਪ੍ਰਸ਼ਨ 7. ਜੈਤੋਂ ਦੇ ਮੋਰਚਾ ਦਾ ਹਾਲ ਲਿਖੋ।

ਉੱਤਰ-

- ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੇ ਗੁਰੂਦਵਾਰਾ ਰਕਾਬਗੰਜ ਦੇ ਮੋਰਚੇ ਸਮੇਂ ਸਿੱਖਾਂ ਦਾ ਸਾਥ ਦਿੱਤਾ ਸੀ। ਜਿਸ ਕਾਰਣ ਸਿੱਖਾਂ ਵਿੱਚ ਉਸਦਾ ਮਾਨ ਅਤੇ ਸਤਿਕਾਰ ਵੱਧ ਗਿਆ।
- ਪਰ ਅੰਗਰੇਜਾਂ ਨੂੰ ਇਹ ਗੱਲ ਚੰਗੀ ਨਾ ਲਗੀ ਅਤੇ ਉਹ ਰਿਪੁਦਮਨ ਸਿੰਘ ਨੂੰ ਜਲੀਲ ਕਰਨ ਦਾ ਮੌਕਾ ਲਭਣ ਲੱਗੇ।
- ਜਦੋਂ ਪਟਿਆਲਾ ਦੇ ਮਹਾਰਾਜਾ ਅਤੇ ਰਿਪੁਦਮਨ ਸਿੰਘ ਵਿਚਕਾਰ ਝਗੜਾ ਹੋਇਆ ਤਾਂ ਅੰਗਰੇਜਾਂ ਨੇ ਪਟਿਆਲੇ ਦੇ ਮਹਾਰਾਜੇ ਰਾਹੀਂ ਨਾਭਾ ਦੇ ਖਿਲਾਫ਼ ਕਈ ਮੁਕਦਮੇ ਬਣਾ ਦਿੱਤੇ।
- ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ ਜੋ ਗੱਲ ਸਿੱਖਾਂ ਨੂੰ ਚੰਗੀ ਨਾ ਲੱਗੀ।
- ਜੈਤੋ ਵਿਖੇ ਰੋਸ ਦਿਵਸ ਮਨਾਉਣ ਦਾ ਫੈਸਲਾ ਕੀਤਾ। ਪਰ ਪੁਲਿਸ ਨੇ ਬਹੁਤ ਸਾਰੇ ਬੰਦਿਆਂ ਨੂੰ ਫੜਕੇ ਜੈਤੋ ਦੇ ਗੁਰਦੁਆਰੇ ਗੰਗਸਰ ਉੱਤੇ ਕਬਜਾ ਕਰ ਲਿਆ।
- ਸਿੱਖਾਂ ਨੇ ਅੰਗਰੇਜਾਂ ਨਾਲ ਟੱਕਰ ਲਈ ਉੱਥੇ ਆਪਣਾ ਮੋਰਚਾ ਲਗਾ ਦਿੱਤਾ।
- ਮੋਰਚੇ ਨੂੰ ਲੰਬਾ ਹੁੰਦਾ ਦੇਖ ਸ਼ਿਰੋਮਣੀ ਕਮੇਟੀ ਨੇ 500 ਸਿੰਘਾਂ ਦਾ ਜੱਥਾ ਜੈਤੋ ਰਵਾਨਾ ਕੀਤਾ।
- ਰਾਹ ਵਿੱਚ ਜੱਥੇ ਨਾਲ ਹਜ਼ਾਰਾਂ ਲੋਕ ਜੁੜ ਗਏ। ਪਰ ਗੰਗਸਰ ਤੋਂ ਥੋੜੀ ਦੂਰ ਹੀ ਅੰਗਰੇਜ ਸੈਨਾ ਨੇ ਜੱਥੇ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ।
- ਪਰ ਇਸ ਨਾਲ ਵੀ ਸਿੰਘ ਘਬਰਾਏ ਨਹੀ ਅਤੇ ਇਹ ਮੋਰਚਾ ਲਗਤਾਰ ਦੋ ਸਾਲ ਚਲਦਾ ਰਿਹਾ।
- ਅੰਤ ਵਿੱਚ ਅੰਗਰੇਜਾਂ ਨੂੰ ਗੁਰਦੁਆਰੇ ਤੋਂ ਪਹਿਰਾ ਹਟਾਉਣ ਪਿਆ ਅਤੇ 1925 ਈ: ਨੂੰ ਗੁਰੂਦਵਾਰਾ ਐਕਟ ਬਣਾਇਆ।

ਪ੍ਰਸ਼ਨ 8. ਆਜ਼ਾਦ ਹਿੰਦ ਫੌਜ ਉੱਤੇ ਵਿਸਥਾਰਪੂਰਵਕ ਨੋਟ ਲਿਖੋ।

ਉੱਤਰ -

- 1943 ਈ: ਨੂੰ ਸੁਭਾਸ਼ ਚੰਦਰ ਬੋਸ ਨੇ ਸਿੰਘਾਪੁਰ ਵਿਖੇ ਭਾਰਤੀਆਂ ਨੂੰ ਇਕੱਠਾ ਕਰ ਕੇ "ਆਜ਼ਾਦ ਹਿੰਦ ਫੌਜ" ਦੀ ਸਥਾਪਨਾ ਕੀਤੀ। ਜਿਸ ਵਿੱਚ ਬਹੁਤ ਸਾਰੇ ਦੇਸ਼ ਭਗਤ ਪੰਜਾਬੀ ਵੀ ਸਨ।
- ਇਸ ਫੌਜ ਦਾ ਮੁੱਖ ਉਦੇਸ਼ ਅੰਗਰੇਜਾਂ ਨੂੰ ਭਾਰਤ ਵਿੱਚੋਂ ਬਾਹਰ ਕਢਣਾ ਸੀ।
- ਇਸੇ ਲਈ ਨੇਤਾ ਜੀ ਨੇ "ਤੁਸੀਂ ਮੈਨੂੰ ਖੂਨ ਦਿਓ,ਮੈਂ ਤੁਹਾਨੂੰ ਆਜ਼ਾਦੀ ਦਿਆਂਗਾ" ਦਾ ਨਾਅਰਾ ਲਗਾਇਆ।
- ਜਪਾਨ ਨੇ ਆਜ਼ਾਦ ਹਿੰਦ ਫੌਜ ਨੂੰ ਸਮਰਥਨ ਦੇਣ ਦਾ ਭਰੋਸਾ ਦਿੱਤਾ।
- 1 ਮਾਰਚ 1944 ਈ: ਨੂੰ ਆਜ਼ਾਦ ਹਿੰਦ ਫੌਜ ਦੇ ਸੈਨਿਕ ਮਨਮਾਰ ਹੁੰਦੇ ਹੋਏ ਅਸਾਮ ਪੁੱਜੇ।
- ਪਰ ਦੂਜੇ ਵਿਸ਼ਵ ਯੁੱਧ ਵਿੱਚ ਜਪਾਨ ਦੀ ਹਾਲਤ ਕਮਜ਼ੋਰ ਹੋ ਗਈ ਅਤੇ ਅੰਗ੍ਰੇਜਾਂ ਨੇ ਰੰਗੂਨ ਉੱਤੇ ਕਬਜਾ ਕਰ ਲਿਆ।
- ਮਜਬੂਰ ਹੋ ਕੇ ਆਜ਼ਾਦ ਹਿੰਦ ਫੌਜ ਦੇ ਸੈਨਿਕਾਂ ਨੂੰ ਆਤਮ ਸਮਰਪਣ ਕਰਨਾ ਪਿਆ।
- ਭਾਵੇਂ ਆਜ਼ਾਦ ਹਿੰਦ ਫੌਜ ਆਪਣੇ ਮਕਸਦ ਵਿੱਚ ਸਫਲ ਨਾ ਹੋ ਸਕੀ ਪਰ ਇਸਨੇ ਦੇਸ਼ ਅਤੇ ਸੈਨਿਕਾਂ ਵਿੱਚ ਵਿਦਰੋਹ ਦੀ ਲਹਿਰ ਨੂੰ ਬਲ ਦਿੱਤਾ।

....

English and Social Studies

ਨਾਗਰਿਕ ਸ਼ਾਸਤਰ

ਪਾਠ - 13 ਭਾਰਤੀ ਲੋਕਤੰਤਰ ਦਾ ਸਰੂਪ

(ਅ) ਹੇਠ ਲਿਖੀਆਂ ਉੱਤੇ 50-60 ਸ਼ਬਦਾਂ ਵਿਚ ਲਿਖੋ।

ਪ੍ਰਸ਼ਨ (ੳ) ਭਾਰਤ ਵਿੱਚ ਧਰਮ ਨਿਰਪੱਖਤਾ।

ਉੱਤਰ -

- ਭਾਰਤ ਸੰਵਿਧਾਨ ਅਨੁਸਾਰ ਭਾਰਤ ਇੱਕ ਧਰਮ ਨਿਰਪੱਖ ਰਾਜ ਹੈ।
- ਭਾਰਤ ਦੇਸ਼ ਦਾ ਆਪਣਾ ਕੋਈ ਧਰਮ ਨਹੀਂ ਅਤੇ ਸਾਰੇ ਧਰਮ ਬਰਾਬਰ ਹਨ।
- ਭਾਰਤ ਵਿੱਚ ਕਿਸੇ ਵੀ ਧਰਮ ਨੂੰ ਸਰਪ੍ਰਸਤੀ ਨਹੀਂ ਦਿੱਤੀ ਗਈ ।
- ਭਾਰਤ ਵਿੱਚ ਧਰਮ ਦੇ ਅਧਾਰ ਤੇ ਕਿਸੇ ਨਾਲ ਵੀ ਕੋਈ ਭੇਦਭਾਵ ਨਹੀਂ ਕੀਤਾ ਜਾਂਦਾ।

ਪ੍ਰਸ਼ਨ (ਅ) ਸ਼ਿਰੋਮਣੀ ਅਕਾਲੀ ਦਲ ਦੀ ਪ੍ਰਮੁੱਖ ਵਿਚਾਰਧਾਰਾ।

ਉੱਤਰ -

- ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਅਤੇ ਉਹਨਾਂ ਦੀ ਸੇਵਾ ਸੰਭਾਲ ਕਰਨਾ।
- ਸਿੱਖਾਂ ਵਿੱਚ ਵੱਖਰੀ ਪੰਥਕ ਆਜ਼ਾਦ ਹਸਤੀ ਦਾ ਵਿਸ਼ਵਾਸ ਬਣਾਈ ਰੱਖਣਾ।
- ਗਰੀਬੀ ਅਤੇ ਭੁੱਖਮਰੀ ਨੂੰ ਦੂਰ ਕਰਨਾ।
- ਅਮੀਰ ਅਤੇ ਗਰੀਬ ਦੇ ਫਰਕ ਨੂੰ ਦੂਰ ਕਰਨਾ।
- ਅਨਪੜ੍ਹਤਾ, ਛੂਆਛੂਤ ਅਤੇ ਜਾਤਪਾਤ ਦੇ ਭੇਦਭਾਵ ਨੂੰ ਦੂਰ ਕਰਨਾ।

ਪ੍ਰਸ਼ਨ (e) ਭਾਰਤ ਦੇ ਕਿਸੇ ਇੱਕ ਰਾਸ਼ਟਰੀ ਦਲ ਤੇ ਸੰਖੇਪ ਨੋਟ ਲਿਖੋ।

ਉੱਤਰ - ਭਾਰਤ ਰਾਸ਼ਟਰੀ ਕਾਂਗਰਸ ਦੀ ਸਥਾਪਨਾ 1885 ਈ: ਵਿੱਚ ਮੁੰਬਈ ਵਿਖੇ ਹੋਈ। ਇਹ ਭਾਰਤ ਦਾ ਸਭ ਤੋਂ ਪੁਰਾਣਾ ਰਾਸ਼ਟਰੀ ਦਲ ਹੈ। ਇਸ ਦਲ ਦੀਆਂ ਨੀਤੀਆਂ ਇਸ ਪ੍ਰਕਾਰ ਹਨ :

- ਲੋਕਤੰਤਰ ਅਤੇ ਧਰਮ ਨਿਰਪੱਖਤਾ ਵਿੱਚ ਅਟੁਟ ਵਿਸ਼ਵਾਸ।
- ਸਮਾਜਵਾਦ ਦੇ ਨਾਲ ਨਾਲ ਆਰਥਿਕ ਉਦਾਰਵਾਦ ਨੂੰ ਬੜ੍ਹਾਵਾ।
- ਕਿਸਾਨਾਂ ਨੂੰ ਘੱਟ ਵਿਆਜ਼ ਤੇ ਕਰਜੇ ਅਤੇ ਪੈਦਾਵਾਰ ਦਾ ਉਚਿੱਤ ਮੁੱਲ ਦਿਵਾਉਣਾ।
- ਉਦਯੋਗਿਕ ਖੇਤਰ ਵਿੱਚ ਸੁਧਾਰ ਕਰਨਾ ਅਤੇ ਪੂੰਜੀ ਨਿਵੇਸ਼ ਨੂੰ ਉਤਸਾਹਿਤ ਕਰਨਾ।
- ਗਰੀਬੀ ਨੂੰ ਘੱਟ ਕਰਨ ਲਈ ਰੁਜ਼ਗਾਰ ਦੇਣਾ।

ਪ੍ਰਸ਼ਨ (ਸ) ਭਾਰਤੀ ਰਾਸ਼ਟਰੀ ਕਾਂਗਰਸ ਦੀ ਵਿਚਾਰਧਾਰਾ।

ਉੱਤਰ - ਭਾਰਤ ਰਾਸ਼ਟਰੀ ਕਾਂਗਰਸ ਦੀ ਸਥਾਪਨਾ 1885 ਈ: ਵਿੱਚ ਮੁੰਬਈ ਵਿਖੇ ਹੋਈ। ਇਹ ਭਾਰਤ ਦਾ ਸਭ ਤੋਂ ਪੁਰਾਣਾ ਰਾਸ਼ਟਰੀ ਦਲ ਹੈ। ਇਸ ਦਲ ਦੀਆਂ ਨੀਤੀਆਂ ਇਸ ਪ੍ਰਕਾਰ ਹਨ :

- ਲੋਕਤੰਤਰ ਅਤੇ ਧਰਮ ਨਿਰਪੱਖਤਾ ਵਿੱਚ ਅਟੁਟ ਵਿਸ਼ਵਾਸ।
- ਸਮਾਜਵਾਦ ਦੇ ਨਾਲ ਨਾਲ ਆਰਥਿਕ ਉਦਾਰਵਾਦ ਨੂੰ ਬੜ੍ਹਾਵਾ।
- ਕਿਸਾਨਾਂ ਨੂੰ ਘੱਟ ਵਿਆਜ਼ ਤੇ ਕਰਜੇ ਅਤੇ ਪੈਦਾਵਾਰ ਦਾ ਉਚਿੱਤ ਮੁੱਲ ਦਿਵਾਉਣਾ।
- ਉਦਯੋਗਿਕ ਖੇਤਰ ਵਿੱਚ ਸੁਧਾਰ ਕਰਨਾ ਅਤੇ ਪੂੰਜੀ ਨਿਵੇਸ਼ ਨੂੰ ਉਤਸਾਹਿਤ ਕਰਨਾ।
- ਗਰੀਬੀ ਨੂੰ ਘੱਟ ਕਰਨ ਲਈ ਰੁਜ਼ਗਾਰ ਦੇਣਾ।

ਪ੍ਰਸ਼ਨ (ਹ) ਭਾਰਤੀ ਜਨਤਾ ਪਾਰਟੀ ਦੀ ਮੂਲ ਵਿਚਾਰਧਾਰਾ।

ਉੱਤਰ -

- ਭਾਰਤੀ ਜਨਤਾ ਪਾਰਟੀ ਰਾਸ਼ਟਰੀ ਏਕਤਾ ਲਈ ਵਚਨਬੱਧ ਹੈ। (ਧਾਰਾ 370 ਨੂੰ ਹਟਾਉਣਾ)
- ਸਮਾਨ ਸਿਵਿਲ ਕਾਨੂੰਨ ਲਾਗੂ ਕਰਨਾ।
- ਸਕਾਰਾਤਮਕ ਧਰਮ ਨਿਰਪੱਖਤਾ ਵਿੱਚ ਵਿਸ਼ਵਾਸ।
- ਗਾਂਧੀਵਾਦੀ ਸਮਾਜਵਾਦ ਸਿਧਾਂਤਾ ਉੱਤੇ ਅਧਾਰਿਤ ਰਾਜਨੀਤੀ ਵਿੱਚ ਵਿਸ਼ਵਾਸ।
- ਬੇਰੋਜ਼ਗਾਰੀ ਨੂੰ ਦੂਰ ਕਰਨਾ , ਖੇਤੀਬਾੜੀ ਨੂੰ ਪਹਿਲ ਅਤੇ ਲੋਕਤੰਤਰੀ ਸੰਸਥਾਵਾਂ ਦਾ ਵਿਕਾਸ।

(e) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ।

English and Social Studies

ਪ੍ਰਸ਼ਨ 1. ਲੋਕਤੰਤਰ ਦੀ ਚੋਣ ਵਿਧੀ ਪ੍ਰਕਿਰਿਆ ਦਾ ਸੰਖੇਪ ਵੇਰਵਾ ਦਿਓ।

ਉੱਤਰ -

- ਸਭ ਤੋਂ ਪਹਿਲਾਂ ਚੋਣ ਖੇਤਰ ਨਿਸ਼ਚਿਤ ਕੀਤਾ ਜਾਂਦਾ ਹੈ।
- ਹਰੇਕ ਚੋਣ ਖੇਤਰ ਦੀ ਮਤਦਾਤਾ ਸੂਚੀ ਤਿਆਰ ਕੀਤੀ ਜਾਂਦੀ ਹੈ।
- ਰਾਜਨੀਤਿਕ ਦਲਾਂ ਦੇ ਉਮੀਦਵਾਰ ਦੇ ਨਾਮਜ਼ਦਗੀ ਫ਼ਾਰਮ ਭਰਦੇ ਹਨ।
- ਚੋਣਾਂ ਵਿੱਚ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਂਦੇ ਹਨ।
- ਹਰੇਕ ਰਾਜਨੀਤਿਕ ਦਲ ਦਾ ਉਮੀਦਵਾਰ ਚੋਣ ਮੁਹਿੰਮ ਦੌਰਾਨ ਇਸ਼ਤਿਹਾਰ ਰਾਹੀਂ, ਮੁਹੱਲਾ-ਮੀਟਿੰਗਾਂ ,ਭਾਸ਼ਣਾਂ ,ਜਲਸੇ-ਜਲੂਸਾਂ ਅਤੇ ਘਰ ਘਰ ਜਾ ਕੇ ਆਪਣੀ ਨੀਤੀਆਂ ਦਾ ਪ੍ਰਚਾਰ ਕਰਦਾ ਹੈ।
- ਨਿਸ਼ਚਿਤ ਮਿਤੀ ਤੇ ਮਤਦਾਨ ਹੁੰਦਾ ਹੈ।
- ਮਤਦਾਨ ਸਮਾਪਤ ਹੋਣ ਤੇ ਮਤਾਂ ਦੀ ਗਿਣਤੀ ਕੀਤੀ ਜਾਂਦੀ ਹੈ। ਜਿਸ ਉਮੀਦਵਾਰ ਨੂੰ ਸਭ ਤੋਂ ਵੱਧ ਮਤ ਪ੍ਰਾਪਤ ਹੋਣ ਉਸਨੂੰ ਜੇਤੂ ਕਰਾਰ ਕਰ ਕੀਤਾ ਜਾਂਦਾ ਹੈ।

ਪ੍ਰਸ਼ਨ 3. ਲੋਕਮਤ ਦੀ ਭੂਮਿਕਾ ਦੱਸੋ।

ਉੱਤਰ -

- ਲੋਕਮਤ ਲੋਕਤੰਤਰ ਦਾ ਅਧਾਰ ਹੁੰਦਾ ਹੈ।
- ਲੋਕਤੰਤਰੀ ਸਰਕਾਰ ਲੋਕਮਤ ਤੋਂ ਹੀ ਸ਼ਕਤੀ ਪ੍ਰਾਪਤ ਕਰਦੀ ਹੈ ਅਤੇ ਇਸਦੇ ਸਹਾਰੇ ਹੀ ਕਾਇਮ ਰਹਿੰਦੀ ਹੈ।
- ਇਸ ਲਈ ਇਹ ਗੱਲ ਸ਼ਾਸਕਾਂ ਨੂੰ ਸਹੀ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ।
- ਅਜਿਹਾ ਸ਼ਾਸਨ ਜਨਤਾ ਦੀਆਂ ਇਛਾਵਾਂ ਅਤੇ ਆਦੇਸ਼ ਤੇ ਚਲਦਾ ਹੈ।
- ਕਾਨੂੰਨ ਬਣਾਉਣ ਅਤੇ ਉਸਨੂੰ ਲਾਗੂ ਕਰਦੇ ਸਮੇਂ ਲੋਕਤੰਤਰੀ ਸਰਕਾਰ ਹਮੇਸ਼ਾਂ ਹੀ ਜਨਤਾ ਦੀ ਨੂੰ ਮੁੱਖ ਰਖਦੀ ਹੈ।

(ਸ) ਹੇਠ ਲਿਖਿਆਂ ਦੇ ਬਾਰੇ 50 - 60 ਸ਼ਬਦਾਂ ਵਿੱਚ ਵਿਚਾਰ ਪ੍ਰਗਟ ਕਰੋ

ਪ੍ਰਸ਼ਨ (ੳ) ਸ਼ਿਰੋਮਣੀ ਅਕਾਲੀ ਦਲ ਦੇ ਮੂਲ ਮੰਤਵ।

ਉੱਤਰ -

1) ਗੁਰੂਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਅਤੇ ਉਹਨਾਂ ਦੀ ਸੇਵਾ ਸੰਭਾਲ ਕਰਨਾ।
2) ਸਿੱਖਾਂ ਵਿੱਚ ਵੱਖਰੀ ਪੰਥਕ ਆਜ਼ਾਦ ਹਸਤੀ ਦਾ ਵਿਸ਼ਵਾਸ ਬਣਾਈ ਰੱਖਣਾ।
3) ਗਰੀਬੀ ਅਤੇ ਭੁੱਖਮਰੀ ਨੂੰ ਦੂਰ ਕਰਨਾ।
4) ਅਮੀਰ ਅਤੇ ਗਰੀਬ ਦੇ ਫਰਕ ਨੂੰ ਦੂਰ ਕਰਨਾ।
5) ਅਨਪੜ੍ਹਤਾ, ਛੁਆਛੂਤ ਅਤੇ ਜਾਤਪਾਤ ਦੇ ਭੇਦਭਾਵ ਨੂੰ ਦੂਰ ਕਰਨਾ।

ਪ੍ਰਸ਼ਨ (ੳ) ਭਾਰਤੀ ਜਨਤਾ ਪਾਰਟੀ ਦੀ ਸਥਾਪਨਾ ਤੇ ਨੋਟ ਲਿਖੋ।

ਉੱਤਰ -

- ਭਾਰਤੀ ਜਨਤਾ ਪਾਰਟੀ ਨੂੰ ਜਨਸੰਘ ਦਾ ਹੀ ਦੂਜਾ ਰੂਪ ਸਮਝਿਆ ਜਾਂਦਾ ਹੈ।
- ਜਨਸੰਘ ਦੀ ਸਥਾਪਨਾ ਡਾ: ਸ਼ਿਆਮਾ ਪ੍ਰਸਾਦ ਮੁਖਰਜੀ ਨੇ ਕੀਤੀ ਸੀ।
- 1951 ਵਿੱਚ ਹਿੰਦੂ ਮਹਾਂਸਭਾ ਦੇ ਸੰਮੇਲਨ ਵਿੱਚ ਜਨਸੰਘ ਹੋਂਦ ਵਿੱਚ ਆਇਆ।
- ਇੱਕ ਵਿਚਾਰ ਅਨੁਸਾਰ ਜਨਸੰਘ ਦਾ ਜਨਮ ਰਾਸ਼ਟਰੀ ਸਵੈ ਸੇਵਕ ਸੰਘ ਵਿੱਚੋਂ ਹੋਇਆ ਮੰਨਿਆ ਜਾਂਦਾ ਹੈ।
- 6 ਅਪ੍ਰੈਲ 1980 ਨੂੰ ਭਾਰਤੀ ਜਨਤਾ ਪਾਰਟੀ ਨਾਂ ਦਾ ਵੱਖਰਾ ਰਾਜਨੀਤਿਕ ਦਲ ਬਣਿਆ। ਅਟਲ ਬਿਹਾਰੀ ਵਾਜਪਾਈ ਨੂੰ ਇਸਦਾ ਪ੍ਰਧਾਨ ਚੁਣਿਆ ਗਿਆ।

ਪ੍ਰਸ਼ਨ (ਅ) ਭਾਰਤੀ ਰਾਸ਼ਟਰੀ ਕਾਂਗਰਸ ਦੀ ਵਿਦੇਸ਼ ਨੀਤੀ ਤੇ ਲਿਖੋ।

ਉੱਤਰ - ਕਾਂਗਰਸ ਪਾਰਟੀ ਦੀ ਵਿਦੇਸ਼ ਨੀਤੀ ਗੁੱਟ ਨਿਰਲੇਪਤਾ ਤੇ ਅਧਾਰਿਤ ਹੈ। ਜੋ ਇਸ ਪ੍ਰਕਾਰ ਹੈ :-

- ਗੁੱਟ ਨਿਰਲੇਪਤਾ ਲਹਿਰ ਨੂੰ ਪ੍ਰਭਾਵਸ਼ਾਲੀ ਬਨਾਉਣਾ।
- ਸੰਯੁਕਤ ਰਾਸ਼ਟਰ ਅਮਰੀਕਾ ਨਾਲ ਸਹਿਯੋਗ ਦੇ ਯਤਨ ਕਰਨੇ।
- ਮਜਬੂਤ ਅਰਥ ਵਿਵਸਥਾ ਵਾਲੇ ਦੇਸ਼ਾਂ ਨਾਲ ਗੂੜ੍ਹੇ ਸਬੰਧ ਕਾਇਮ ਕਰਨੇ।
- ਵਿਸ਼ਵ ਸ਼ਾਂਤੀ ਸਥਾਪਿਤ ਕਰਨ ਲਈ ਸਹਿਯੋਗ ਦੇਣਾ।

ਪ੍ਰਸ਼ਨ (e) ਵਿਰੋਧੀ ਦਲ ਦੀ ਭੂਮਿਕਾ।

ਉੱਤਰ -

- ਸਰਕਾਰ ਦੀ ਆਲੋਚਨਾ : ਵਿਰੋਧੀ ਦਲ ਦਾ ਮੁੱਖ ਕੰਮ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਕੰਮਾਂ ਦੀ ਅਲੋਚਨਾ ਕਰਨਾ ਹੈ।

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਜਲੰਧਰ) English and Social Studies

- ਸਰਕਾਰ ਨਾਲ ਸਹਿਯੋਗ : ਮਹੱਤਵਪੂਰਨ ਰਾਸ਼ਟਰੀ ਮਾਮਲਿਆਂ ਅਤੇ ਸਮੱਸਿਆਵਾਂ ਵਿੱਚ ਸਰਕਾਰ ਨੂੰ ਆਪਣਾ ਸਹਿਯੋਗ ਅਤੇ ਰਾਏ ਦੇਣਾ ਵਿਰੋਧੀ ਦਲ ਦਾ ਫਰਜ ਹੈ।
- ਲੋਕਾਂ ਨੂੰ ਰਾਜਨੀਤਿਕ ਸਿੱਖਿਆ : ਵਿਰੋਧੀ ਦਲ ਸਭਾਵਾਂ, ਪ੍ਰਚਾਰ ਅਤੇ ਪ੍ਰੈੱਸ ਰਾਹੀਂ ਲੋਕਾਂ ਨੂੰ ਸਰਵਜਨਕ ਮਾਮਲਿਆਂ ਦੀ ਜਾਣਕਾਰੀ ਦਿੰਦੀ ਹੈ। ਇਸ ਨਾਲ ਇਹ ਲੋਕਾਂ ਨੂੰ ਸਰਕਾਰ ਦੇ ਕੰਮਾਂ ਪ੍ਰਤੀ ਸੁਚੇਤ ਰੱਖਦੀ ਹੈ।
- ਸਰਕਾਰ ਨੂੰ ਨਿਰੰਕੁਸ਼ ਬਣਨ ਤੋਂ ਰੋਕਣ : ਵਿਰੋਧੀ ਦਲ ਸਰਕਾਰ ਨੂੰ ਸੱਤਾ ਦਾ ਦੁਰੁਪਯੋਗ ਕਰਨ ਤੇ ਰੋਕਦੇ ਹਨ।
- ਲੋਕਾਂ ਦੀਆਂ ਸ਼ਿਕਾਇਤਾਂ ਨੂੰ ਬਿਆਨ ਕਰਨਾ : ਵਿਰੋਧੀ ਦਲ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸਰਕਾਰ ਤੱਕ ਪਹੁੰਚਾਉਂਦਾ ਹੈ ਅਤੇ ਇਸਨੂੰ ਦੂਰ ਕਰਨ ਲਈ ਸਰਕਾਰ ਤੇ ਦਬਾਅ ਵੀ ਪਾਉਂਦਾ ਹੈ।
- ਬਦਲਵੀਂ ਸਰਕਾਰ ਦਾ ਪ੍ਰਬੰਧ : ਸਰਕਾਰ ਡਿੱਗਣ ਤੇ ਵਿਰੋਧੀ ਦਲ ਸਰਕਾਰ ਦੀ ਵਾਗਡੋਰ ਸੰਭਾਲਣ ਲਈ ਤਿਆਰ ਰਹਿੰਦਾ ਹੈ।

ਪ੍ਰਸ਼ਨ (ਸ) ਲੋਕਤੰਤਰ ਨੂੰ ਸਫਲ ਬਣਾਉਣ ਦੀਆਂ ਸ਼ਰਤਾਂ।

ਉੱਤਰ -

- ਲੋਕਤੰਤਰ ਦੀ ਸਫਲਤਾ ਲਈ ਹਰੇਕ ਨਾਗਰਿਕ ਚੰਗੇ ਆਚਰਨ, ਬੁਧੀਵਾਲਾ, ਪੜ੍ਹਿਆ ਲਿਖਿਆ ਸਮਝਦਾਰ ਅਤੇ ਜਿੰਮੇਵਾਰ ਹੋਣਾ ਚਾਹੀਦਾ ਹੈ।
- ਸਮਾਜ ਵਿੱਚ ਚੰਗੇ ਅਤੇ ਯੋਗ ਨੇਤਾਵਾਂ ਦੀ ਲੋੜ ਹੈ।
- ਸਮਾਜਿਕ ਅਤੇ ਆਰਥਿਕ ਸਮਾਨਤਾ ਹੋਣੀ ਚਾਹੀਦੀ ਹੈ।
- ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ ਦੀ ਸਥਾਪਨਾ ਕਰਨਾ।
- ਲੋਕਾਂ ਦੁਆਰਾ ਲੋਕਤੰਤਰ ਦੀ ਰੱਖਿਆ ਲਈ ਸਦਾ ਯਤਨਸ਼ੀਲ ਰਹਿਣਾ।
- ਨਾਗਰਿਕਾਂ ਵਿੱਚ ਅਧਿਕਾਰਾਂ ਅਤੇ ਕਰੱਤਵਾਂ ਦੀ ਪਾਲਣਾ ਦੀ ਇੱਛਾ ਹੋਣੀ ਚਾਹੀਦੀ ਹੈ।

ਪ੍ਰਸ਼ਨ (ਹ) ਭਾਰਤੀ ਲੋਕਤੰਤਰ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ।

ਉੱਤਰ -

- ਲੋਕਤੰਤਰੀ ਸੰਵਿਧਾਨ : ਭਾਰਤ ਦਾ ਸੰਵਿਧਾਨ ਲੋਕਤੰਤਰੀ ਹੈ ਜੋ ਕਿ ਸੰਵਿਧਾਨ ਦੀ ਪ੍ਰਸਤਾਵਨਾ ਤੋਂ ਹੀ ਪਤਾ ਚਲ ਜਾਂਦਾ ਹੈ।
- ਸਮਾਨਤਾ: ਸਮਾਨਤਾ ਲੋਕਤੰਤਰ ਦਾ ਮੁੱਖ ਸਿਧਾਂਤ ਹੈ। ਭਾਰਤ ਵਿੱਚ ਧਰਮ, ਜਾਤ, ਰੰਗ, ਭਾਸ਼ਾ ਦੇ ਅਧਾਰ ਤੇ ਕਿਸੇ ਵੀ ਨਾਲ ਭੇਦਭਾਵ ਨਹੀਂ ਕੀਤਾ ਜਾਂਦਾ ਅਤੇ ਸਾਰੇ ਨਾਗਰਿਕਾਂ ਨੂੰ ਬਰਾਬਰ ਸਮਝਿਆ ਜਾਂਦਾ ਹੈ।
- ਸੁਤੰਤਰਤਾ: ਸੁਤੰਤਰਤਾ ਵੀ ਲੋਕਤੰਤਰ ਦਾ ਮੁੱਖ ਸਿਧਾਂਤ ਹੈ। ਭਾਰਤੀ ਸੰਵਿਧਾਨ ਵਿੱਚ ਇਸਦੇ ਨਾਗਰਿਕਾਂ ਉਹ ਸਾਰੀਆਂ ਸੁਤੰਤਰਤਾਵਾਂ ਦਿੱਤੀਆਂ ਗਈਆਂ ਹਨ ਜੋ ਕਿ ਇੱਕ ਲੋਕਤੰਤਰੀ ਦੇਸ਼ ਵਿੱਚ ਦਿੱਤੀਆਂ ਜਾਂਦੀਆਂ ਹਨ।
- ਬਾਲਗ ਮਤ-ਅਧਿਕਾਰ: ਭਾਰਤ ਵਿੱਚ 18 ਸਾਲ ਜਾਂ ਇਸਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ ਹੈ , ਜੋ ਕਿ ਇੱਕ ਚੰਗੇ ਲੋਕਤੰਤਰ ਦੀ ਨਿਸ਼ਾਨੀ ਹੈ ।
- ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ : ਭਾਰਤੀ ਸੰਵਿਧਾਨ ਅਨੁਸਾਰ ਸਾਡੇ ਦੇਸ਼ ਦੀ ਨਿਆਂਪਾਲਿਕਾ ਸੁਤੰਤਰ ਅਤੇ ਨਿਰਪੱਖ ਹੈ।
- ਧਰਮ -ਨਿਰਪੱਖਤਾ: ਭਾਰਤੀ ਸੰਵਿਧਾਨ ਨੇ ਸਾਡੇ ਦੇਸ਼ ਨੂੰ ਧਰਮ ਨਿਰਪੱਖ ਬਣਾਇਆ ਹੈ। ਭਾਵ ਭਾਰਤ ਦੇਸ਼ ਦਾ ਆਪਣਾ ਕੋਈ ਧਰਮ ਨਹੀਂ ਅਤੇ ਸਾਰੇ ਧਰਮ ਬਰਾਬਰ ਹਨ।
- ਅਧਿਕਾਰ: ਭਾਰਤ ਦੇ ਸੰਵਿਧਾਨ ਵਿੱਚ ਇਸਦੇ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਦਿੱਤੇ ਗਏ ਹਨ।

****

English and Social Studies

<u>ਨਾਗਰਿਕ ਸ਼ਾਸਤਰ</u>

<u>ਪਾਠ - 14 ਭਾਰਤ ਦੀ ਵਿਦੇਸ਼ ਨੀਤੀ ਅਤੇ ਸੰਯੁਕਤ ਰਾਸ਼ਟਰ</u>

ਪ੍ਰਸ਼ਨ 1. ਪੰਚਸ਼ੀਲ ਸਿਧਾਂਤਾ ਦਾ ਵਰਣਨ ਕਰੋ।

ਉੱਤਰ - ਭਾਰਤ ਦੇ ਪ੍ਰਧਾਨਮੰਤਰੀ ਪੰਡਿਤ ਨਹਿਰੂ ਅਤੇ ਚੀਨ ਦੇ ਪ੍ਰਧਾਨਮੰਤਰੀ ਚਾਓ ਏਨ ਲਾਈ ਨੇ 29 ਅਪ੍ਰੈਲ 1954 ਨੂੰ ਪੰਜ ਸਿਧਾਂਤਾ ਨੂੰ ਅਪਣਾਇਆ। ਇਹਨਾਂ ਸਿਧਾਂਤਾਂ ਨੂੰ ਪੰਚਸ਼ੀਲ ਕਿਹਾ ਗਿਆ ਜੋ ਇਸ ਪ੍ਰਕਾਰ ਹਨ :-

- ਪਰਸਪਰ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਏਕਤਾ ਦਾ ਸਨਮਾਨ
- ਪਰਸਪਰ ਹਮਲਾ ਨਾ ਕਰਨਾ
- ਇੱਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਾ ਦੇਣਾ।
- ਸਮਾਨਤਾ ਅਤੇ ਸਹਿਯੋਗ।
- ਸ਼ਾਂਤਮਈ ਸਹਿਹੋਂਦ।

ਪੰਚਸ਼ੀਲ ਦਾ ਮੁੱਖ ਉਦੇਸ਼ ਵਿਸ਼ਵ ਸ਼ਾਂਤੀ ਨੂੰ ਬਣਾਈ ਰੱਖਣਾ ਹੈ। ਬਾਅਦ ਵਿੱਚ ਸੰਸਾਰ ਦੇ ਕਈ ਦੇਸ਼ਾਂ ਨੇ ਪੰਚਸ਼ੀਲ ਸਿਧਾਂਤਾਂ ਨੂੰ ਮਾਨਤਾ ਦਿੱਤੀ ਅਤੇ ਇਸਨੂੰ ਅਪਣਾਇਆ।

ਪ੍ਰਸ਼ਨ 2. ਗੁੱਟ-ਨਿਰਲੇਪਤਾ ਦੀ ਨੀਤੀ ਦਾ ਅਰਥ ਅਤੇ ਭਾਰਤ ਦੁਆਰਾ ਇਸਨੂੰ ਅਪਨਾਏ ਜਾਣ ਦੇ ਕਾਰਣ ਦੱਸੋ।

ਉੱਤਰ -

<u>ਅਰਥ</u> :

- ਗੁੱਟ-ਨਿਰਲੇਪਤਾ ਦਾ ਅਰਥ ਹੈ ਕਿ ਸੈਨਿਕ ਗੁੱਟਾਂ ਜਾਂ ਪ੍ਰਤਿਯੋਗੀ ਸ਼ਕਤੀ ਗੁੱਟਾਂ ਤੋਂ ਅਲਗ ਰਹਿਣਾ। ਭਾਵ ਕਿਸੇ ਦੇਸ਼ ਨਾਲ ਵੈਰ ਵਿਰੋਧ ਦੀ ਭਾਵਨਾ ਨਹੀਂ ਰੱਖਣਾ। ਸਗੋਂ ਅੰਤਰਰਾਸ਼ਟਰੀ ਸਮੱਸਿਆਵਾਂ ਦੇ ਪ੍ਰਤੀ ਫੈਸਲੇ ਲੈਣ ਦਾ ਯਤਨ ਕਰਨਾ।

ਕਾਰਣ :-

- ਭਾਰਤ ਨੇ ਗੁੱਟ-ਨਿਰਲੇਪਤਾ ਨੂੰ ਆਪਣੀ ਵਿਦੇਸ਼ ਨੀਤੀ ਦਾ ਬੁਨਿਆਦੀ ਸਿਧਾਂਤ ਬਣਾਇਆ ਹੈ।
- ਜਦੋਂ ਭਾਰਤ ਆਜ਼ਾਦ ਹੋਇਆ ਤਾਂ ਸਾਰਾ ਸੰਸਾਰ ਦੋ ਗੁੱਟਾਂ ਵਿੱਚ ਵੰਡਿਆ ਹੋਇਆ ਸੀ - ਰੂਸ ਅਤੇ ਐਂਗਲੋ-ਅਮਰੀਕਨ ਗੁੱਟ।
- ਇਹਨਾਂ ਦੋਨਾਂ ਗੁੱਟਾਂ ਵਿੱਚ ਸ਼ਕਤੀ ਯੁੱਧ ਚਲ ਰਿਹਾ ਸੀ ਅਤੇ ਦੁਨੀਆਂ ਦੀ ਰਾਜਨੀਤੀ ਇਹਨਾਂ ਦੇ ਦੁਆਲੇ ਘੁੰਮ ਰਹੀ ਸੀ।
- ਪੰਡਿਤ ਨਹਿਰੂ ਨੇ ਇਹ ਮਹਿਸੂਸ ਕੀਤਾ ਕਿ ਭਾਰਤ ਇਹਨਾਂ ਸ਼ਕਤੀ ਗੁੱਟਾਂ ਦੇ ਸੰਘਰਸ਼ ਤੋਂ ਦੂਰ ਰਹਿ ਕੇ ਹੀ ਤਰੱਕੀ ਕਰ ਸਕਦਾ ਹੈ।
- ਭਾਰਤ ਦੇ ਯਤਨਾਂ ਦੁਆਰਾ ਹੀ ਗੁੱਟ-ਨਿਰਲੇਪਤਾ ਅੰਦੋਲਨ ਸਮੁਚੇ ਵਿਸ਼ਵ ਵਿੱਚ ਪ੍ਰਸਿੱਧ ਹੋਇਆ।
- ਬਹੁਤ ਸਾਰੇ ਨਵੇਂ ਆਜ਼ਾਦ ਹੋਏ ਦੇਸ਼ਾਂ ਨੇ ਇਸ ਨੀਤੀ ਨੂੰ ਅਪਣਾਇਆ।

ਪ੍ਰਸ਼ਨ 3 : ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪਰਿਸ਼ਦ ਤੇ ਸੰਖੇਪ ਨੋਟ ਲਿਖੋ।

ਉੱਤਰ :

- ਸੁਰੱਖਿਆ ਪਰਿਸ਼ਦ ਸੰਯੁਕਤ ਰਾਸ਼ਟਰ ਦੀ ਕਾਰਜ ਪਾਲਿਕਾ ਦੇ ਸਮਾਨ ਹੈ।
- ਇਸ ਵਿੱਚ ਕੁੱਲ ਪੰਦਰਾਂ ਮੈਂਬਰ ਹਨ, ਜਿਸ ਵਿੱਚੋਂ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ।
- ਅਮਰੀਕਾ,ਇੰਗਲੈਂਡ,ਰੂਸ ,ਚੀਨ ਅਤੇ ਫ੍ਰਾਂਸ ਇਸਦੇ ਸਥਾਈ ਮੈਂਬਰ ਹਨ।
- ਇਸਦੇ ਸਥਾਈ ਮੈਂਬਰਾਂ ਨੂੰ ਵੀਟੋ ਸ਼ਕਤੀ ਪ੍ਰਾਪਤ ਹੈ। ਭਾਵ ਜੇਕਰ ਪੰਜਾਂ ਵਿੱਚੋਂ ਇੱਕ ਵੀ ਮੈਂਬਰ ਅਸਹਿਮਤ ਹੁੰਦਾ ਹੈ ਤਾਂ ਫੈਸਲਾ ਨਹੀਂ ਲਿਆ ਜਾ ਸਕਦਾ।
- ਵਿਸ਼ਵ ਸ਼ਾਂਤੀ ਨੂੰ ਕਾਇਮ ਰੱਖਨ ਵਿੱਚ ਸੁਰੱਖਿਆ ਪਰਿਸ਼ਦ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਪ੍ਰਸ਼ਨ 4. ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਭੂਮਿਕਾ ਦਾ ਸੰਖੇਪ ਵਰਣਨ ਕਰੋ।

ਉੱਤਰ -

- ਭਾਰਤ ਸੰਯੁਕਤ ਰਾਸ਼ਟਰ ਦੇ ਪਹਿਲੇ 51 ਮੈਂਬਰਾਂ ਵਿੱਚੋਂ ਹੈ।
- ਭਾਰਤ ਨੇ ਸੰਯੁਕਤ ਰਾਸ਼ਟਰ ਦੇ ਕੰਮਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।
- ਭਾਰਤ ਨੇ ਹੋਰ ਦੇਸ਼ਾਂ ਨਾਲ ਮਿਲਕੇ 1950 ਵਿੱਚ ਬਸਤੀਵਾਦ ਅਤੇ ਸਾਮਰਾਜ ਦੇ ਵਿਰੁਧ ਮਹਾਂਸਭਾ ਵਿੱਚ ਮਤਾ ਪਾਸ ਕਰਵਾਇਆ।
- ਨਸਲੀ ਵਿੱਤਕਰੇ ਅਤੇ ਰੰਗਭੇਦ ਦੇ ਸਬੰਧ ਵਿੱਚ ਦੱਖਣੀ ਅਫਰੀਕਾ ਵਿਰੁੱਧ ਆਵਾਜ਼ ਉਠਾਈ। ਉਸਦੇ ਵਿਰੁੱਧ ਆਰਥਿਕ ਪਾਬੰਦੀਆਂ ਵਿੱਚ ਵੀ ਹਿੱਸਾ ਲਿਆ।

English and Social Studies

- ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਹੋਰ ਦੇਸ਼ਾਂ ਦੇ ਵਿਰੁਧ ਵੀ ਆਵਾਜ਼ ਉਠਾਈ।
- ਭਾਰਤ ਨੇ ਵਿਸ਼ਵ ਸ਼ਾਂਤੀ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਲਈ ਹਮੇਸ਼ਾਂ ਸਹਿਯੋਗ ਦਿੱਤਾ ਹੈ।
- ਭਾਰਤ ਨੇ ਹਰ ਸੰਭਵ ਤਰੀਕੇ ਨਾਲ ਸੰਯੁਕਤ ਰਾਸ਼ਟਰ ਦੀ ਮਾਲੀ ਅਤੇ ਸੈਨਿਕ ਸਹਾਇਤਾ ਕੀਤੀ ਹੈ।
- ਭਾਰਤ ਦੀ ਸੰਯੁਕਤ ਰਾਸ਼ਟਰ, ਇਸਦੇ ਅੰਗਾਂ ਅਤੇ ਏਜੰਸੀਆਂ ਵਿੱਚ ਨਿਭਾਈ ਗਈ ਭੂਮਿਕਾ ਵਿਸ਼ਵ ਪ੍ਰਸਿੱਧ ਹੈ।

ਪ੍ਰਸ਼ਨ 6. ਭਾਰਤ ਦੇ ਸੰਯੁਕਤ ਰਾਜ ਅਮਰੀਕਾ ਦੇ ਸਬੰਧਾਂ ਦਾ ਸੰਖੇਪ ਵਰਣਨ ਕਰੋ।

ਉੱਤਰ -

- ਭਾਰਤ ਨਾਲ ਅਮਰੀਕਾ ਦੇ ਸਬੰਧ ਕਦੇ ਮਾੜੇ ਅਤੇ ਕਦੇ ਚੰਗੇ ਰਹੇ ਹਨ।
- ਜਦੋਂ 1971 ਵਿੱਚ ਭਾਰਤ ਅਤੇ ਪਾਕਿਸਤਾਨ ਦਾ ਯੁੱਧ ਹੋਇਆ ਤਾਂ ਅਮਰੀਕਾ ਨੇ ਪਾਕਿਸਤਾਨ ਦਾ ਸਾਥ ਦਿੱਤਾ। ਜਿਸ ਤੇ ਭਾਰਤ ਨਾਰਾਜ਼ ਹੋਇਆ।
- ਇਤਿਹਾਸ ਵਿੱਚ ਜਦੋਂ ਵੀ ਪ੍ਰਮਾਣੂ ਸ਼ਕਤੀ ਦਾ ਵਿਕਾਸ ਕੀਤਾ ਤਾਂ ਅਮਰੀਕਾ ਨੇ ਇਸਦਾ ਵਿਰੋਧ ਕੀਤਾ।
- ਸੰਯੁਕਤ ਰਾਜ ਪਾਕਿਸਤਾਨ ਨੂੰ ਲੋੜ ਤੋਂ ਵੱਧ ਸੈਨਿਕ ਅਤੇ ਆਰਥਿਕ ਸਹਾਇਤਾ ਦਿੱਤੀ , ਜਿਸਨੂੰ ਪਾਕਿਸਤਾਨ ਭਾਰਤ ਦੇ ਵਿਰੁੱਧ ਵਰਤਦਾ ਰਿਹਾ।
- ਪਰ ਪਾਕਿਸਤਾਨ ਵਿੱਚ ਅਮਰੀਕਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਅਤਿਵਾਦੀਆਂ ਦੇ ਗੁੱਟ ਕਿਰਿਆਸ਼ੀਲ ਹੋਣ ਕਰਕੇ ਹੁਣ ਅਮਰੀਕਾ ਦਾ ਇਸਤੋਂ ਮੋਹ ਭੰਗ ਹੋਣ ਲੱਗਾ ਹੈ।
- ਇਸ ਲਈ ਹੁਣ ਅਮਰੀਕਾ ਭਾਰਤ ਦੇ ਨਜ਼ਦੀਕ ਆ ਰਿਹਾ ਹੈ ਅਤੇ ਦੋਹਾਂ ਦੇ ਸਬੰਧ ਚੰਗੇ ਬਣ ਰਹੇ ਹਨ।

ਪ੍ਰਸ਼ਨ 8. ਭਾਰਤ -ਪਾਕ ਸਬੰਧ ਅਤੇ ਇਹਨਾਂ ਵਿੱਚ ਤਨਾਵ ਦੇ ਮੁੱਖ ਕਾਰਣ ਬਾਰੇ ਸੰਖੇਪ ਨੋਟ ਲਿਖੋ।

ਉੱਤਰ -

- ਭਾਰਤ-ਪਾਕ ਸਬੰਧ ਸ਼ੁਰੂ ਤੋਂ ਹੀ ਤਨਾਉ ਭਰੇ ਰਹੇ ਹਨ।
- ਕਸ਼ਮੀਰ ਦੇ ਝਗੜੇ ਨੇ ਭਾਰਤ-ਪਾਕ ਸਬੰਧਾਂ ਨੂੰ ਹਮੇਸ਼ਾਂ ਉਲਝਾਕੇ ਰੱਖਿਆ।
- 1947-48 ਅਤੇ 1999 ਵਿੱਚ ਪਾਕਿਸਤਾਨ ਨੇ ਘੁਸਪੈਠੀਆਂ ਨੂੰ ਕਸ਼ਮੀਰ ਭੇਜਿਆ।
- 1999 ਵਿੱਚ ਕਸ਼ਮੀਰ ਦੇ ਕਾਰਗਿਲ ਵਿੱਚ ਅਤਿਵਾਦੀਆਂ ਦੀ ਘੁਸਪੈਠ ਕਾਰਣ ਦੋਹਾਂ ਦੇਸ਼ਾਂ ਵਿੱਚਕਾਰ ਯੁੱਧ ਹੋਇਆ।
- ਇਸ ਯੁੱਧ ਵਿੱਚ ਭਾਰਤ ਦੀ ਬਹਾਦੁਰ ਸੈਨਾ ਨੇ ਸਾਰੇ ਦੁਸ਼ਮਨਾਂ ਨੂੰ ਖਦੇੜ ਦਿੱਤਾ।
- ਕਾਰਗਿਲ ਯੁੱਧ ਕਾਰਣ ਦੋਹਾਂ ਦੇਸ਼ਾਂ ਵਿਚਕਾਰ ਤਨਾਉ ਹੋਰ ਵੱਧ ਗਿਆ।

****

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਜਲੰਧਰ)
English and Social Studies